ੴ ਸਤਿਗੁਰ ਪ੍ਰਸਾਦਿ ॥

# ਦੂਸਰੀ ਯਾਤਰਾ
## (1507-1511)

## ਸਾਰ

ਕੁਝ ਸਮ੍ਹਾਂ ਆਪਣੇ ਪਰਿਵਾਰ ਨਾਲ ਬਿਤਾਉਨ ਪਿਛੋਂ ਗੁਰੂ ਜੀ ਮਰਦਾਨੇ ਨੂੰ ਨਾਲ ਲੈ ਕੇ ਪੱਖੋਕੇ ਰੰਧਾਵਾ ਤੋਂ ਚੱਲ ਕੇ ਲਾਹੌਰ, ਤਲਵੰਡੀ (ਨਨਕਾਣਾ ਸਾਹਿਬ), ਦੀਪਾਲਪੁਰ, ਪਾਕਪੱਤਨ, ਬੀਕਾਨੇਰ, ਕੋਲਾਇਤ, ਜੈਸਲਮੇਰ, ਪੋਖਰਨ, ਜੋਧਪੁਰ, ਨਾਥਦੁਆਰ, ਚਿਤੌੜਗੜ੍ਹ, ਉਧੇਪੁਰ, ਆਬੂ ਪ੍ਰਬਤ, ਲਖਪਤ, ਨਾਰਾਇਣ ਸਰੋਵਰ, ਭੁਜ, ਭੀਮਾਸਰ, ਮਾਂਡਵੀ, ਦਵਾਰਕਾ, ਪੋਰਬੰਦਰ, ਜੂਨਾਗੜ੍ਹ, ਗਿਰਨਾਰ ਪਰਬਤ, ਸੋਮਨਾਥ, ਪਾਲੀਟਾਣਾ, ਭਾਵਨਗਰ, ਅਹਿਮਦਾਬਾਦ, ਵਡੋਧਰਾ, ਸੂਰਤ, ਮਾਲੀਵਾੜਾ, ਖਾਲੇਗਾਓਂ, ਨਾਸਿਕ, ਟਿੰਬਕੇਸ਼ਵਰ, ਦੌਲਤਾਬਾਦ, ਅਹਿਮਦਨਗਰ, ਅੰਬੇਰਨਾਥ, ਥਾਨੇ ਨਗਰ, ਮੁੰਮਬਈ, ਪੂਨੇ, ਬਾਰਸ਼ੀ, ਪੰਡਰਪੁਰ, ਸਤਾਰਾ, ਸਾਗਲੀ, ਕੋਲਾਪੁਰ, ਬੈਲਗਾਵੀ, ਪਾਨਾਜੀ, ਮੰਗਲੂਰੂ, ਬੰਗਲੂਰੂ, ਸ੍ਰੀ ਰੰਗਾਪਟਨਮ, ਮੈਸੂਰ, ਕਾਲੀਕਟ, ਕੋਇੰਬਾਟੂਰ, ਥ੍ਰੀਸੂਰ, ਕੋਚੀ, ਕੋਲਮ, ਤੀਰੂਚਰੀ, ਨਗੇਰਕੋਲੀ, ਕੰਨਿਆ ਕੁਮਾਰੀ, ਸ੍ਰੀ ਲੰਕਾ (63 ਸ਼ਹਿਰ) ਰਾਮੇਸ਼ਵਰਮ, ਰਾਮਾਨਾਥ ਪੁਰਮ, ਤ੍ਰਿਚੀ, ਥਨਜਾਵਰ, ਨਾਗਾਪਟਨਮ, ਜਕਾਰਤਾ, ਕੁਆਲਾਲੰਪੁਰ, ਕੁੰਭਕਲਮ, ਕੰਰੂਰਨਗਰ, ਪਾਂਡੀਚਰੀ, ਕਾਂਚੀਪੁਰਮ, ਤੀਰੂਪਤੀ, ਕੁੱਡਪਾ, ਗੁਨਟੂਰ, ਵਿਜੈਵਾੜਾ, ਹੈਦਰਾਬਾਦ, ਬਿਦਰ, ਨਾਰਸੀ, ਨਾਂਦੇੜ, ਅਕੋਲਾ, ਨਾਗਪੁਰ, ਰਾਮਟੇਕ, ਵਿੰਧ ਦੇ ਜੰਗਲ, ਜਬਲਪੁਰ, ਨਰਸਿੰਘਪੁਰਾ, ਸੁਹਾਗਪੁਰ, ਨਰਬਦਾਪੁਰਮ, ਪੰਚਮੜ੍ਹੀ, ਮਲਾਕਾਪੁਰ, ਬੁਰਹਾਨਪੁਰ, ਖੰਡਵਾ, ਓਂਕਾਰੇਸ਼ਵਰ, ਇੰਦੌਰ, ਦੇਵਾਸ, ਉਜੈਨ, ਝਾਲਾਵਰ, ਕੋਟਾ, ਅਜਮੇਰ, ਪੁਸ਼ਕਰ, ਜੈਪੁਰ, ਰੇਵਾੜੀ, ਹਿਸਾਰ, ਸਿਰਸਾ, ਸਾਬੋਕੀ ਤਲਵੰਡੀ, ਬਠਿੰਡਾ, 1511 ਈ. ਦੇ ਅੰਤ ਵਿੱਚ ਸੁਲਤਾਨਪੁਰ ਲੋਧੀ ਪਹੁੰਚ ਗਏ।

ਇਨ੍ਹਾਂ ਥਾਵਾਂ ਦੇ ਨਾਲ ਲਗਦੇ ਅਤੇ ਰਸਤੇ ਵਿੱਚ ਆਉਂਦੇ ਨਗਰਾਂ ਅਤੇ ਸ਼ਹਿਰਾਂ ਵਿੱਚ ਵੀ ਗੁਰੂ ਜੀ ਅਲਾਹੀ ਬਚਨ ਕਰਦਿਆਂ ਅੱਗੇ ਤੁਰਦੇ ਗਏ।

ਨੋਟ:- ਇਸ ਵਿੱਚ ਕੋਈ ਸੰਦੇਹ ਨਹੀਂ ਕਿ ਗੁਰੂ ਜੀ ਹੋਰ ਅਸਥਾਨਾਂ ਤੇ ਨਗਰਾਂ ਵਿੱਚ ਵੀ ਪਧਾਰੇ ਹੋਣਗੇ। ਜਿਨ੍ਹਾਂ ਅਸਥਾਨਾਂ ਦੀ ਹੁਣ ਤੱਕ ਇਤਿਹਾਸਕਾਰਾਂ ਅਤੇ ਖੋਜੀਆਂ ਨੇ ਨਿਸ਼ਾਨਦੇਹੀ ਕੀਤੀ ਹੈ। ਉਹ ਅਸਥਾਨ ਅਤੇ ਪ੍ਰਸੰਗ ਇਸ ਉਦਾਸੀ (ਯਾਤਰਾ) ਦਾ ਵਰਨਣ ਕਰਦਿਆਂ ਅੰਕਿਤ ਕੀਤੇ ਗਏ ਹਨ।


KASHMIR
Jammu
Pakhoke
Lahore
Nankana Sahib
Depalpur
Pakpattan
Kolayat
Jaisalmer
Bikaner
Pokhran
Jodhpur
Nathdwar
Chittorgarh
Abhu Parbat
Lakhpat
Udaipur
Narain Sarovar
Bhuj
Bhimasar
Madvi
Dwarka
Porbandar
Junagarh
Girnaur Parbat
Somnath
Pallitana
Bhawnagar
Ahmadabad
Vadodra
Surat
Malliwara
Malegoan
DADRA AND NAGAR HAVELI AND DAMAN AND DIU
Nashik
Timbkeswar
Daulatabad
Ahmadnagar
Thane
Ambernath
Mumbai
Pune
Barsi
Pandarpur
Satara
Sangli
Kolahapur
Belagavi
Panaji (Goa)
ARABIAN SEA
Mangaluru
Bengaluru (Bangalore)
Rangapatnam
Mysore
Kalicut (Kozikode)
Coimbatore
Palkhad
Thirissur
Kochi
Kollam
Thiruvananthapuram
Nagercoli
Kanyakumari
LAKSHADWEEP
HIMACHAL PRADESH
Sultanpur Lodhi
CHANDIGARH
Chandigarh
Dehra Dun
Bathinda
Sabo Ki Talwandi
Karnal
UTTARAKHAND
Meerut
Moradabad
Bulandshahr
Sirsa
Hisar
Rewari
Jaipur
Agra
UTTAR PRADESH
Puskar
Ajmer
Kota
Jalawar
Ujjain
Devas
Indore
Onkareswar
Narbdapuram
Khandwa
Burhanpur
Malkapur
INDIA
Gwalior
Kanpur
Lucknow
Prayagraj
Varanasi
Rewa
Narsinghpura
Jabalpur
Suhagpur
Vindh Forest
Panchmarhi
Ramtek
Nagpur
Akola
Naded
Narsi
Bidar
Hyderabad
Vijaywara
Guntur
Kapadda
Tirupati
Kanchipuram
Puducherry
Harur Nagar
Kunbhkonam
From Sighapur
Nagapatnam
To Sighapur
Thanjavur
Trichirappali
Ramanathpuram
Rameshwaram
Sri Lanka
Colombo
CHINA
NEPAL
Darbhanga
Buxar
Ara
Dumrao
Patna
BIHAR
JHARKHAND
Ranchi
Kharagp
Raipur
Sambalpur
ODISHA
Pur
Brahmap
Visakhapatnam
PUDUCHERRY

**ਲਾਹੌਰ :-** ਗੁਰੂ ਜੀ ਤੇ ਮਰਦਾਨਾ ਜੀ **ਪੱਖੋਕੇ ਰੰਧਾਵਾ** ਤੋਂ ਚੱਲ ਕੇ **ਨਰੋਵਾਲ, ਤਲਵੰਡੀ ਭਿੰਡਰਾਂ, ਕਲੇਰਵਾਲਾ, ਨਾਰੰਗਮੰਡੀ, ਮੁਗਲਵਾਲਾ, ਰਾਨੀਆਂ** ਆਦਿ ਵਿੱਚ ਅਲਾਹੀ ਬਚਨ ਕਰਦੇ ਹੋਏ ਲਾਹੌਰ ਸ਼ਹਿਰ ਵਿੱਚ ਕੁਝ ਦਿਨ ਠਹਿਰ ਕੇ ਅਲਾਹੀ ਕੀਰਤਨ ਦੇ ਨਾਲ-ਨਾਲ ਪ੍ਰਭੂ ਦਾ ਸੰਦੇਸ਼ ਦਿੰਦੇ ਹੋਏ ਅੱਗੇ ਚੱਲ **ਤਲਵੰਡੀ (ਨਨਕਾਣਾ ਸਾਹਿਬ)** ਪਹੁੰਚ ਗਏ

**ਦੀਪਾਲਪੁਰ** (ਪਹਿਲਾ ਨਾਮ 'ਸੀਰੀ ਚੀਮਿਆਂ') ਗੁਰੂ ਜੀ ਸਾਥੀਆਂ ਸਮੇਤ ਤਲਵੰਡੀ ਤੋਂ ਚੱਲ ਕੇ **ਚੁੰਘ, ਸੁੰਦਰ, ਮੋਂਗਾਮੰਡੀ, ਫੂਲ ਨਗਰ, ਖਾਨਕਾ ਮੋੜ, ਜੰਬੇਰ, ਪੱਤੋਕੀ ਹਬੀਬਾਬਾਦ, ਸ਼ੇਰਗੜ** ਆਦਿ ਵਿੱਚ ਅਲਾਹੀ ਸੰਦੇਸ਼ ਦਿੰਦੇ ਹੋਏ ਦੀਪਾਲਪੁਰ ਪਹੁੰਚ ਗਏ।

(ਰਾਜੇ ਦੇਵਾ ਨੇ ਆਪਣੇ ਪਹਿਲੇ ਪੁੱਤਰ ਰਾਜਾ ਦੀਪਾ (40-172 ਏ.ਡੀ.) ਦੇ ਨਾਮ ਤੇ ਇਸ ਨਗਰ ਦਾ ਨਾਮ ਦੀਪਾਲਪੁਰ ਰਖਿਆ।) ਹਵਾਲਾ: ਅਭਿਨਾਸੀ ਚੰਦਰ ਦਾਸ) ➔ ➔



ਇਸ ਨਗਰ ਵਿੱਚ **ਇਕ ਫਕੀਰ ਸ਼ਾਹ ਸੁਹਾਗਣ ਰਹਿੰਦਾ ਸੀ।** ਉਹ ਪੂਰਨਮਾਸ਼ੀ ਦੀ ਰਾਤ ਨੂੰ ਸੋਹਣੀ ਸੇਜ ਵਿਛਾ ਕੇ, ਬੁਰਕਾ ਪਾ ਕੇ ਇਸਤਰੀ ਹੋਣ ਦਾ ਢੋਂਗ ਰਚਾ ਕੇ ਆਪਣੇ ਕੋਠੇ ਵਿੱਚ ਬੰਦ ਹੋ ਜਾਂਦਾ ਸੀ ਅਤੇ ਆਪਣੇ ਮੁਰੀਦਾਂ ਨੂੰ ਆਦੇਸ਼ ਦੇਂਦਾ ਸੀ ਕਿ ਕੋਈ ਅੰਦਰ ਨਾ ਆਵੇ। ਕਿਉਂਕਿ ਉਸ ਦੇ ਪਤੀ ਪਰਮੇਸ਼ਰ (ਅੱਲਾ) ਨੇ ਉਸ ਨੂੰ ਮਿਲਣ ਆਉਣਾ ਹੈ।

ਇਸ ਤਰਾਂ ਸਵੇਰ ਵੇਲੇ ਉਹ ਲੋਕਾਂ ਨੂੰ ਦਰਸ਼ਨ ਦੇਂਦਾ ਸੀ ਅਤੇ ਕਿਹਾ ਕਰਦਾ ਸੀ, "ਮੈਨੂੰ ਅੱਧੀ ਰਾਤ ਨੂੰ ਅੱਲਾ ਮਿਲਿਆ, ਮੈਂ ਉਸ ਦੀ ਸੁਹਾਗਣ ਪਤਨੀ ਹਾਂ।"

ਮਨਘੜੰਤ ਗੱਲਾਂ ਸੰਗਤ ਨੂੰ ਦੱਸ ਕੇ ਕਈ ਤਰਾਂ ਦੇ ਸ਼ੰਕੇ ਪਾ ਕੇ ਆਪਣੀ ਮਾਨਤਾ ਕਰਾਉਂਦਾ ਸੀ।

ਗੁਰੂਦੇਵ ਜੀ ਨੇ ਉੱਥੋਂ ਦੇ ਲੋਕਾਂ ਨੂੰ ਦੱਸਿਆ, **"ਅੱਲਾ ਦਾ ਕੋਈ ਸਰੀਰ ਨਹੀਂ ਹੈ। ਉਹ ਤਾਂ ਇਕ ਜੋਤਿ ਰੂਪ ਹੈ, ਇਕ ਸ਼ਕਤੀ ਹੈ ਜੋ ਸਿਰਫ ਅਨੁਭਵ ਕੀਤੀ ਜਾ ਸਕਦੀ ਹੈ।"** ਇਹ ਸੁਣ ਕੇ ਕੁਝ ਨੌਜਵਾਨਾਂ ਨੇ ਰਾਤ ਨੂੰ ਸ਼ਾਹ ਸੁਹਾਗਣ ਦਾ ਦਰਵਾਜਾ ਤੋੜ ਕੇ ਉਸ ਨੂੰ ਰੰਗੇ ਹੱਥੀਂ ਵਿਭਚਾਰ ਕਰਦੇ ਹੋਏ ਫੜ ਲਿਆ।

ਪਰ ਗੁਰੂ ਸਾਹਿਬ ਨੇ ਵਿੱਚ ਪੈ ਕੇ ਪਖੰਡੀ ਫਕੀਰ ਨੂੰ ਲੋਕਾਂ ਦੀ ਮਾਰ ਤੋਂ ਬਚਾ ਲਿਆ। ਇਸ ਘਟਨਾ ਤੋਂ ਬਾਅਦ ਸਾਰੇ ਨਗਰ ਵਿੱਚ ਸ਼ਾਹ ਸੁਹਾਗਣ ਦੀ ਨਿੰਦਾ ਹੋਣ ਲੱਗੀ। ਉਸ ਦਾ ਭੰਡੀ ਪ੍ਰਚਾਰ ਸ਼ੁਰੂ ਹੋ ਗਿਆ।

**ਕੋੜ੍ਹੀ ਦਾ ਇਲਾਜ :-** ਉਸ ਪਿੰਡ ਤੋਂ ਬਾਹਰ ਵਾਰ ਇਕ ਝੌਂਪੜੀ ਵਿੱਚ ਇਕ ਕੋੜ੍ਹੀ ਨਿਵਾਸ ਕਰਦਾ ਸੀ। ਗੁਰੂ ਜੀ ਤੇ ਮਰਦਾਨਾ ਜੀ ਨੇ ਉੱਥੇ ਪਹੁੰਚ ਕੇ, ਸਤਿਕਰਤਾਰ- ਸਤਿਕਰਤਾਰ ਪੁਕਾਰਿਆ। ਅੰਦਰੋਂ ਆਵਾਜ਼ ਆਈ ਮੈਂ ਬੀਮਾਰ ਕੋੜ੍ਹੀ ਹਾ, ਮੈਨੂੰ ਛੂਤ ਦਾ ਰੋਗ ਹੈ। ਗੁਰੂ ਜੀ ਨੇ ਕਿਹਾ, "ਤੁਸੀਂ ਚਿੰਤਾ ਨਾ ਕਰੋ। ਅਸੀਂ ਤੁਹਾਨੂੰ ਠੀਕ ਕਰਨ ਲਈ ਆਏ ਹਾਂ। ਕੋੜ੍ਹੀ ਰਿੜ੍ਹਦਾ-ਰਿੜ੍ਹਦਾ ਚੌਂਪੜੀ ਤੋਂ ਬਾਹਰ ਆਇਆ।

ਗੁਰੂ ਜੀ ਨੇ ਉਸ ਦੇ ਸਿਰ ਤੇ ਆਪਣਾ ਹੱਥ ਰੱਖਿਆ ਅਤੇ ਅਸੀਸ ਦਿੱਤੀ। ਭਾਈ ਮਰਦਾਨੇ ਨੂੰ ਰਬਾਬ ਛੇੜਨ ਲਈ ਕਿਹਾ।



ਉੱਥੇ ਪਏ ਇਕ ਮਿੱਟੀ ਦੇ ਭਾਡੇ ਵਿੱਚ ਪਾਣੀ ਉਬਾਲ ਕੇ ਆਪਣੇ ਥੈਲੇ ਵਿੱਚੋਂ ਇਕ ਵਿਸ਼ੇਸ ਪ੍ਰਕਾਰ ਦਾ ਰਸਾਇਣ ਕੱਢ ਕੇ ਪਾਣੀ ਵਿੱਚ ਮਿਲਾ ਦਿੱਤਾ। ਇਸ ਰਸਾਇਣ ਦੇ ਗੁਨਗੁਨੇ ਪਾਣੀ ਨਾਲ ਕੋੜ੍ਹੀ ਦੇ ਜਖਮਾਂ ਨੂੰ ਧੋ ਕੇ ਮਰਹਮ ਪੱਟੀ ਕਰ ਦਿੱਤੀ। ਉਹ ਹੁਣ ਅਰਾਮ ਮਹਿਸੂਸ ਕਰਨ ਲੱਗਾ ਤੇ ਅਲਾਹੀ ਕੀਰਤਨ ਵਿੱਚ ਉਸ ਦਾ ਮਨ ਜੁੜ ਗਿਆ। ਉਸ ਸਮੇਂ ਗੁਰੂ ਜੀ ਨੇ ਇਹ ਅਲਾਹੀ ਸ਼ਬਦ ਦਾ ਗਾਇਨ ਕੀਤਾ।

"ਜੀਉ ਤਪਤੁ ਹੈ ਬਾਰੋ ਬਾਰ ॥ ਤਪਿ ਤਪਿ ਖਪੈ ਬਹੁਤੁ ਬੇਕਾਰ ॥ ਜੈ ਤਨਿ ਬਾਣੀ ਵਿਸਰਿ ਜਾਇ ॥

ਜਿਉ ਪਕਾ ਰੋਗੀ ਵਿਲਲਾਇ ॥੧॥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੬੬੧

ਅਗਲੇ ਦਿਨ ਉਸ ਕੋੜ੍ਹੀ ਨੇ ਕਿਹਾ ਕਿ ਤੁਸੀਂ ਮੇਰੇ ਉਤੇ ਬਹੁਤ ਵੱਡਾ ਉਪਕਾਰ ਕੀਤਾ ਹੈ, ਤੁਸੀਂ ਮੇਰੀ ਪੁਕਾਰ ਸੁਣੀ ਹੈ, ਮੇਰੇ ਘਰ ਵਾਲੇ ਤਾ ਮੇਰਾ ਖਾਣਾ ਵੀ ਬਾਹਰ ਤੋਂ ਹੀ ਸੁੱਟ ਕੇ ਚਲੇ ਜਾਂਦੇ ਹਨ।

ਭਾਈ ਮਰਦਾਨੇ ਨੇ ਪੁੱਛਿਆ ਕਿ ਇਹ ਰੋਗ ਤੁਹਾਨੂੰ ਕਿਸ ਤਰਾਂ ਲੱਗਾ? ਉਸ ਨੇ ਦੱਸਿਆ ਕਿ ਮੈਂ ਦੀਪਾਲੁਪਰ ਪਿੰਡ ਦਾ ਵੱਡਾ ਜਿੰਮੀਦਾਰ ਹਾਂ। ਧਨਵਾਨ ਹੋਣ ਕਰਕੇ ਮੈਂ ਵਿਕਾਰਾਂ ਵਿੱਚ ਪੈ ਗਿਆ। ਕਈ ਔਰਤਾਂ ਮੇਰੀ ਵਾਸ਼ਨਾ ਦਾ ਸ਼ਿਕਾਰ ਹੋਈਆਂ।

ਗੁਰੂ ਜੀ ਨੇ ਕਿਹਾ ਕਿ ਪ੍ਰਾਕਿਰਤੀ ਦਾ ਇਹ ਨਿਯਮ ਹੈ ਕਿ ਜੋ ਜੈਸਾ ਕਰਮ ਕਰਦਾ ਹੈ, ਉਸ ਨੂੰ ਉਹੋ ਜਿਹਾ ਹੀ ਫਲ ਮਿਲਦਾ ਹੈ। ਤਦੋਂ ਗੁਰੂਦੇਵ ਜੀ ਨੇ ਇਹ ਅਲਾਹੀ ਸ਼ਬਦ ਉਚਾਰੇ:-

ਜੈਸਾ ਬੀਜੈ ਸੋ ਲੁਣੇ ਜੋ ਖਟੇ ਸੁੋ ਖਾਇ ॥ ਅਗੈ ਪੁਛ ਨ ਹੋਵਈ ਜੇ ਸਣੁ ਨੀਸਾਣੈ ਜਾਇ ॥ (ਅੰਗ-730)

ਜੋ ਬੀਜੈ ਸੋ ਉਗਵੈ ਖਾਂਦਾ ਜਾਣੈ ਜੀਉ ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-1243)

ਐਸਾ ਦਾਰੂ ਖਾਹਿ ਗਵਾਰ॥ ਜਿਤੁ ਖਾਧੈ ਤੇਰੇ ਜਾਹਿ ਵਿਕਾਰ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-1257)

"ਬਾਬਾ ਹੋਰੁ ਖਾਣਾ ਖੁਸੀ ਖੁਆਰੁ॥ ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥" (ਅੰਗ-1257)

ਗੁਰੂ ਜੀ ਨੇ ਉਸ ਨੂੰ ਸਮਝਾਉਂਦਿਆਂ ਹੋਇਆ ਕਿਹਾ ਕਿ ਸਾਡੇ ਸਰੀਰ ਦੀ ਕਰਤਾਰ ਨੇ ਅਦਭੁੱਤ ਰਚਨਾ ਕੀਤੀ ਹੈ। ਮਸਤਕ ਵਿੱਚ ਕੁਛ ਵਿਸ਼ੇਸ ਪ੍ਰਕਾਰ ਦੀਆਂ ਗ੍ਰੰਥੀਆਂ ਹੁੰਦੀਆਂ ਹਨ, ਜੋ ਸਾਡੀ ਵਿਚਾਰਧਾਰਾ ਤੇ ਪ੍ਰਤੀਕ੍ਰਿਆ ਤੋਂ ਉਤੇਜਿਤ ਹੋ ਕੇ ਇਕ ਵਿਸ਼ੇਸ ਪ੍ਰਕਾਰ ਦਾ ਤਰਲ (ਹਾਰਮੋਨ) ਉਤਪੰਨ ਕਰਦੀਆਂ ਹਨ। ਉਦਾਹਰਨ ਲਈ ਜਦੋਂ ਅਸੀਂ ਭਾਂਵੁੱਕ ਹੁੰਦੇ ਹਾਂ ਤਾਂ ਅੱਖਾਂ ਵਿੱਚ ਹੰਝੂ ਪੈਦਾ ਹੋ ਜਾਂਦੇ ਹਨ। ਜਦੋਂ ਅਸੀਂ ਸਵਾਦਿਸ਼ਟ ਭੋਜਨ ਦੀ ਲਾਲਸਾ ਕਰਦੇ ਹਾਂ ਤਾਂ ਮੂੰਹ ਵਿੱਚ ਪਾਣੀ ਆ ਜਾਂਦਾ ਹੈ। ਠੀਕ ਉਸੇ ਪ੍ਰਕਾਰ ਜਦੋਂ ਅਸੀਂ ਮਨ ਇਕਾਗਰ ਕਰਕੇ ਪ੍ਰਭੂ ਨਾਮ ਵਿੱਚ ਲੀਨ ਹੋ ਜਾਂਦੇ ਹਾਂ ਤਾਂ ਉਸ ਸਮੇਂ ਮਸਤਕ ਵਿੱਚ ਇਕ ਵਿਸ਼ੇਸ ਪ੍ਰਕਾਰ ਦਾ **"ਅੰਮ੍ਰਿਤ ਰੱਸ"**, ਪੈਦਾ ਹੋ ਜਾਂਦਾ ਹੈ। ਜਿਸ ਨਾਲ ਵਿਅਕਤੀ ਅਨੰਦਿਤ ਹੋ ਜਾਂਦਾ ਹੈ ਤੇਜ ਪ੍ਰਤਾਪੀ ਅਤੇ ਅਰੋਗ ਹੋ ਜਾਂਦਾ ਹੈ। ਪਰ ਇਸਦੇ ਉਲਟ **ਜਦੋਂ ਕੋਈ ਵਿਅਕਤੀ ਅਪਣਾ ਧਿਆਨ, ਵਿਕਾਰਾਂ ਵਿੱਚ ਕੇਂਦਰਿਤ ਕਰਦਾ ਹੈ ਤਾਂ ਉਸ ਦੇ ਮਸਤਕ ਵਿੱਚ (ਜ਼ਹਿਰ) ਪੈਦਾ ਹੁੰਦਾ ਹੈ। ਜਿਸ ਕਾਰਣ ਵਿਸ਼ਾਣੂਆਂ ਨਾਲ ਸ਼ਰੀਰ ਅਸਾਧ ਰੋਗਾਂ ਨਾਲ ਪੀੜਤ ਹੋ ਜਾਂਦਾ ਹੈ।**

ਇਹ ਸੁਣਕੇ ਕੋੜ੍ਹੀ ਕਹਿਣ ਲੱਗਾ, "ਆਪ ਠੀਕ ਕਹਿ ਰਹੇ ਹੋ। ਮੈਂ ਧਨ ਅਤੇ ਜਵਾਨੀ ਦੇ ਨਸ਼ੇ ਵਿੱਚ ਸਿਰਫ ਵਿਕਾਰਾਂ ਦੀ ਗੱਲ ਸੋਚਦਾ ਸੀ। ਇੱਥੋਂ ਤੱਕ ਕਿ ਸੰਸਾਰਿਕ ਰਿਸ਼ਤੇ ਨਾਤਿਆਂ ਦਾ ਵੀ ਧਿਆਨ ਨਹੀਂ ਕਰਦਾ ਸੀ। ਅੱਠੇ ਪਹਿਰ ਵਿਲਾਸਤਾ ਦੀ ਧੁਨ ਲੱਗੀ ਰਹਿੰਦੀ ਸੀ। ਜਿਸ ਨੇ ਮੇਰਾ ਸਰੀਰ ਕੋੜ੍ਹੀ ਬਣਾ ਦਿੱਤਾ। ਜੇਕਰ ਤੁਸੀਂ ਮੈਨੂੰ ਇਸ ਰੋਗ ਤੋਂ ਮੁਕਤੀ ਦਿਵਾਂਉਂਦੇ ਹੋ ਤਾਂ ਮੈਂ ਬਾਕੀ ਜੀਵਨ ਸੇਵਾ ਅਤੇ ਪਰਉਪਕਾਰ ਵਿੱਚ ਬਤੀਤ ਕਰਾਂਗਾ। ਗੁਰੂ ਸਾਹਿਬ ਨੇ ਉਸ ਨੂੰ ਮਨ ਇਕਾਗਰ ਕਰਕੇ ਪ੍ਰਭੂ ਚਰਨਾਂ ਵਿੱਚ ਲੀਨ ਹੋਣ ਦੀ ਵਿਧੀ ਸਿਖਾਈ ਅਤੇ ਕਿਹਾ ਕਿ ਇਹ ਹੀ ਇੱਕੋ ਇਕ ਤਰੀਕਾ ਹੈ, ਸਰੀਰ ਵਿੱਚ ਅੰਮ੍ਰਿਤ ਪੈਦਾ ਕਰਨ ਦਾ ਅਤੇ ਅਰੋਗ ਰਹਿਣ ਦਾ।

ਗੁਰੂ ਜੀ ਨੇ ਕੁਝ ਦਿਨ ਆਪਣੇ ਹੱਥੀਂ ਕੋੜ੍ਹੀ ਦੀ ਮਰਹਮ ਪੱਟੀ ਕੀਤੀ। ਉਹ ਨੌ-ਬਰਨੌ (ਬਿਲਕੁਲ ਠੀਕ) ਹੋ ਗਿਆ। ਉਸ ਰੋਗੀ ਦਾ ਪਰਿਵਾਰ ਲੰਗਰ ਦੀ ਸੇਵਾ ਕਰਦਾ ਰਿਹਾ। ਗੁਰੂ ਜੀ ਹੁਣ ਅਗੇ ਜਾਣ ਲੱਗੇ ਤਾਂ ਉਸ ਠੀਕ ਹੋਏ ਕੋੜ੍ਹੀ ਨੂੰ ਕਿਹਾ ਕਿ ਲੋਕ ਤੁਹਾਨੂੰ ਪੁੱਛਣਗੇ ਕਿ ਤੁਹਾਡਾ ਰੋਗ ਕਿਵੇਂ ਗਿਆ। ਤਾਂ ਤੁਸੀਂ ਉੱਤਰ ਦੇਣਾ ਕਿ ਮੈਨੂੰ ਸ਼ਾਹ ਸੁਹਾਗਨ ਫਕੀਰ ਨੇ ਠੀਕ ਕੀਤਾ ਹੈ। ਮੈਂ ਨਹੀਂ ਚਾਹੁੰਦਾ ਕਿ ਮੇਰੇ ਕਾਰਣ ਕਿਸੇ ਦੀ ਨਿੰਦਾ ਹੋਵੇ।

ਗੁਰੂ ਜੀ ਉੱਥੋਂ ਅੱਗੇ ਚਲੇ ਗਏ ਤਾਂ ਦੀਪਾਲਪੁਰ ਦੇ ਲੋਕਾਂ ਨੇ ਉਸ ਕੋੜ੍ਹੀ ਨੂੰ ਪੁੱਛਿਆ ਕਿ ਉਹ ਕਿਵੇਂ ਠੀਕ ਹੋਇਆ ਹੈ। ਉਸ ਨੇ ਗੁਰੂ ਜੀ ਦੇ ਕਹੇ ਹੋਏ ਕਰਕੇ, ਦੱਸਿਆ ਕਿ ਮੈਨੂੰ ਸ਼ਾਹ ਸੁਹਾਗਨ ਫਕੀਰ ਨੇ ਠੀਕ ਕੀਤਾ ਹੈ।


ਸ਼ਾਹ ਸੁਹਾਗਨ ਦੀ ਫੇਰ ਤੋਂ ਮਾਨਤਾ ਹੋਣ ਲੱਗੀ। ਇਕ ਦਿਨ ਸ਼ਾਹ ਸੁਹਾਗਨ ਆਪ ਕੋੜ੍ਹੀ ਨੂੰ ਮਿਲਣ ਆਇਆ ਅਤੇ ਉਸ ਨੂੰ ਪੁੱਛਿਆ ਕਿ "ਸੱਚ ਸੱਚ ਦੱਸ ਤੈਨੂੰ ਕਿਸ ਨੇ ਠੀਕ ਕੀਤਾ ਹੈ। ਤਾਂ ਕੋੜ੍ਹੀ ਨੇ ਕਿਹਾ ਕਿ ਸ਼ਾਹ ਸੁਹਾਗਨ ਫਕੀਰ ਨੇ। ਉਸ ਨੇ ਕਿਹਾ ਕਿ ਉਹ ਤਾਂ ਮੈਂ ਹੀ ਹਾਂ। ਪਰ ਮੈਂ ਤਾਂ ਤੈਨੂੰ ਠੀਕ ਨਹੀਂ ਕੀਤਾ। ਤਦ ਕੋੜ੍ਹੀ ਨੇ ਕਿਹਾ ਕਿ ਅਸਲ ਵਿੱਚ **ਮੈਨੂੰ ਬਾਬਾ ਨਾਨਕ ਨੇ ਠੀਕ ਕੀਤਾ ਹੈ।** ਉਨ੍ਹਾਂ ਦਾ ਹੀ ਅਦੇਸ਼ ਹੈ ਕਿ ਮੈਂ ਤੁਹਾਡਾ ਨਾਮ ਲਵਾਂ। ਉਹ ਚਾਹੁੰਦੇ ਹਨ ਕਿ ਤੁਹਾਡੀ ਪਹਿਲਾਂ ਦੀ ਤਰਾਂ ਹੀ ਮਾਣਤਾ ਹੁੰਦੀ ਰਹੇ।

ਇਹ ਸੁਣ ਕੇ ਸ਼ਾਹ ਸੁਹਾਗਨ ਦੇ ਮਨ ਵਿੱਚੋਂ ਗੁਰੂ ਸਾਹਿਬ ਪ੍ਰਤੀ ਰੋਸ ਖਤਮ ਹੋ ਗਿਆ। ਉਹ ਗੁਰੂਦੇਵ ਜੀ ਨੂੰ ਮਿਲਨ ਲਈ ਚੱਲ ਪਿਆ। ਲੰਬੇ ਸਫਰ ਤੋਂ ਬਾਅਦ ਪਾਕਪਟਨ ਵਿੱਚ ਜਾ ਮਿਲਿਆ ਗੁਰੂ ਜੀ ਖੁਸ਼ ਹੋਏ ਅਤੇ ਉਸ ਨੂੰ ਨਾਮ ਦਾਨ ਦਿੱਤਾ। ਪ੍ਰਭੂ ਸਿਮ੍ਰਣ ਨਾਲ ਸ਼ਾਹ ਸੁਹਾਗਣ ਦੀ ਤ੍ਰਿਪਤੀ ਹੋ ਗਈ ਅਤੇ ਉਹ ਵਾਪਸ ਦੀਪਾਲਪੁਰ ਆ ਗਿਆ।



**ਗੁਰਦੁਆਰਾ ਸਾਹਿਬ ਜੀ, ਦੀਪਾਲਪੁਰ** (ਪਾਕਿਸਤਾਨ)

**ਪਾਕਪੱਤਨ:-** ਗੁਰੂ ਜੀ ਸਾਥੀਆਂ ਸਮੇਤ 50 ਕਿ.ਮੀ. ਚਲ ਕੇ **ਓਕਾੜਾ ਨਗਰ** ਵਿੱਚ ਅਲਾਹੀ ਬਚਨ ਕਰਦੇ ਹੋਏ ਪਾਕਪੱਤਨ ਪਹੁੰਚ ਗਏ। **ਇਹ ਸ਼ਹਿਰ, ਸੂਫੀ ਫਰੀਦੋਦੀਨ ਗੰਜਸ਼ਕਰ ਸ਼ੇਖਉਲ ਇਸਲਾਮ, ਫਰੀਦੁਲ ਹਕਵਾਉਦੀਨ ਸ਼ਕਰਗੰਜ (1173-1265) ਦਾ ਹੈ।** ਉਸ ਸਮੇਂ ਉਨ੍ਹਾਂ ਦੀ ਗੱਦੀ ਦੇ ਵਾਰਸ **ਸ਼ੇਖ ਇਬਰਾਹੀਮ ਜੀ** ਸਨ। ਗੁਰੂ ਜੀ ਨੇ ਨਗਰ ਦੀ ਚੌਪਾਲ ਵਿੱਚ ਬੈਠ ਕੇ ਕਿਹਾ, ਮਰਦਾਨਿਆਂ ਰਬਾਬ ਛੇੜ ਬਾਣੀ ਆਈ ਹੈ! ਇਸ ਅਲਾਹੀ ਸ਼ਬਦ ਦਾ ਗਾਇਨ ਕਰਨ ਲੱਗੇ।



**ਹਜ਼ਰਤ ਬਾਬਾ ਸ਼ੇਖ ਫਰੀਦ ਜੀ ਦੀ ਦਰਗਾਹ ਅਤੇ ਸ਼ਹਿਰ**

ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥ ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥੨॥" ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੧੨੯੧

ਸ਼ੇਖ ਜੀ ਦਾ ਇਕ ਚੇਲਾ **'ਕਮਾਲ'** ਵੀ ਉੱਥੇ ਆ ਬੈਠਾ। ਉਹ ਵਿਚਾਰ ਕਰਨ ਲੱਗਾ ਕਿ ਇਸ ਬਾਣੀ ਦਾ ਤੱਤ, ਉਨ੍ਹਾਂ ਦੇ ਮੁਰਸ਼ਦ **ਬਾਬਾ ਫਰੀਦ ਜੀ** ਦੀ ਬਾਣੀ ਨਾਲ ਮਿਲਦਾ ਹੈ, **"ਪ੍ਰਭੂ ਸਿਰਫ ਇਕ ਹੈ, ਉਸ ਦੇ ਇਲਾਵਾ ਕੁੱਛ ਵੀ ਨਹੀ"।** ਉਸ ਨੇ ਇਹ ਗੱਲ ਸ਼ੇਖ ਫਰੀਦ ਜੀ ਦੀ ਗੱਦੀ ਦੇ ਵਾਰਸ ਸ਼ੇਖ ਇਬਰਾਹੀਮ ਜੀ ਨੂੰ ਜਾ ਦੱਸੀ।

ਸ਼ੇਖ ਜੀ ਨੇ ਨਗਰ ਵਿੱਚ ਆ ਕੇ ਗੁਰੂ ਸਾਹਿਬ ਦੁਆਰਾ ਗਾਇਨ ਕੀਤੇ ਜਾ ਰਹੇ ਸ਼ਬਦ ਬੜੇ ਧਿਆਨ ਨਾਲ ਸੁਣੇ।
"ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ ॥ ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ॥" (ਅੰਗ-794) ਅਤੇ
"ਜਪ ਤਪ ਕਾ ਬੰਧੁ ਬੇੜੁਲਾ ਜਿਤੁ ਲੰਘਹਿ ਵਹੇਲਾ॥ ਨਾ ਸਰਵਰੁ ਨਾ ਊਛਲੈ ਐਸਾ ਪੰਥੁ ਸੁਹੇਲਾ॥" (ਅੰਗ-729)
ਸਮਾਪਤੀ ਤੇ ਗੁਰੂਦੇਵ ਜੀ ਤੋਂ ਪੁੱਛਣ ਲੱਗਾ, **"ਇਸ ਮਨੁੱਖੀ ਸਮਾਜ ਵਿੱਚ ਬੁੱਧੀ ਜੀਵੀ ਕੌਣ ਹੈ?" ਗੁਰੂ ਜੀ; ਜੋ ਮਨ ਦਾ ਤਿਆਗੀ ਹੋਵੇ। ਦੂਜਾ ਸਵਾਲ; "ਸਭ ਤੋਂ ਵੱਡਾ ਕੌਣ ਹੈ?" ਗੁਰੂ ਜੀ; "ਜੋ ਮਨੁੱਖ ਸੁੱਖ ਅਤੇ ਦੁੱਖ ਵਿੱਚ ਇਕ ਸਮਾਨ ਰਹੇ।" ਅਗਲਾ ਸਵਾਲ ਸੀ ਕਿ ਸਭ ਤੋਂ ਅਮੀਰ (ਧਨਵਾਨ) ਕੌਣ ਹੈ? ਗੁਰੂ ਸਾਹਿਬ ਨੇ ਕਿਹਾ ਕਿ ਜੋ ਮਨੁੱਖ ਆਪਣੀ ਤ੍ਰਿਸ਼ਨਾ ਤੇ ਜਿੱਤ ਪ੍ਰਾਪਤ ਕਰ ਲਵੇ। ਆਖਰੀ ਸਵਾਲ ਸੀ, 'ਦੀਨ ਦੁਖੀ ਕੌਣ ਹੈਂ?' ਗੁਰੂ ਸਾਹਿਬ ਨੇ ਕਿਹਾ ਕਿ ਜੋ ਵਿਅਕਤੀ ਸੰਸਾਰੀ ਆਸਾ ਮਨਸਾ ਦੀ ਪੂਰਤੀ ਲਈ ਦਰ-ਦਰ ਭਟਕਦਾ ਫਿਰੇ।**

ਸ਼ੇਖ ਜੀ ਦੀ ਬੇਨਤੀ ਕਰਨ ਤੇ ਗੁਰੂ ਜੀ ਨੇ ਕੁਝ ਦਿਨ ਉਸ ਕੋਲ ਪਾਕਪਟਨ ਵਿੱਚ ਠਹਿਰ ਕੇ **ਸ਼ੇਖ ਫਰੀਦ ਜੀ ਦੀ ਬਾਣੀ ਤੇ ਗਹਿ ਕੇ ਵਿਚਾਰ ਵਟਾਂਦਰਾ ਕੀਤਾ।**

ਇਕ ਦਿਨ ਪੀਰ ਜੀ ਨੇ ਪੁੱਛਿਆ ਕਿ ਜੇ ਜੀਵ ਨੂੰ ਕਤਲ ਕਰਦੇ ਸਮੇਂ **ਕਲਮਾ (ਮੁਸਲਮਾਨ ਧਰਮ ਦਾ ਮੂਲ ਮੰਤਰ)** ਪੜ੍ਹਿਆ ਜਾਵੇ ਤਾਂ ਹੀ ਉਸ ਦਾ ਮਾਸ ਖਾਣ ਯੋਗ ਹੁੰਦਾ ਹੈ। **ਕਲਮਾ ਨਾ ਪੜ੍ਹਿਆ ਜਾਵੇ ਤਾਂ ਉਹ ਮਾਸ ਹਰਾਮ ਬਣ ਜਾਂਦਾ ਹੈ।** ਜੀਵ ਦੀ ਜਾਣ ਤਾ ਜਾਂਦੀ ਹੀ ਜਾਂਦੀ ਹੈ।

ਜੇ ਕਿਸੇ ਮਨੁੱਖ ਨੂੰ, ਭਾਵੇਂ ਕਲਮਾ ਪੜ ਕੇ ਵੀ ਹਲਾਲ ਕੀਤਾ ਜਾਵੇ ਉਹ ਹਲਾਲ ਨਹੀਂ ਬਣਦਾ। **(ਨਹੀਂ ਖਾਧਾ ਜਾਂਦਾ)**

**ਕੀ ਕੋਈ ਐਸੀ ਤਲਵਾਰ ਹੈ ਜਿਸ ਨਾਲ ਮਨੁੱਖ ਦਾ ਮਾਸ ਵੀ ਹਲਾਲ ਹੋ ਜਾਵੇ? ਭਾਵ ਖਾਧਾ ਜਾ ਸਕੇ।**

**ਗੁਰੂ ਜੀ ਨੇ ਬੜੇ ਠਰ੍ਹਮੇ ਨਾਲ ਦੱਸਿਆ, "ਸ਼ੇਖ ਜੀ, ਉਹ ਸੱਚ ਦੀ ਤਲਵਾਰ ਸੱਚ ਦੇ ਲੋਹੇ ਨਾਲ ਤਿਆਰ ਹੁੰਦੀ ਹੈ। ਉਸਨੂੰ ਸ਼ਬਦ ਦੀ ਰੇਤੀ ਨਾਲ ਤਿੱਖਾ ਕੀਤਾ ਜਾਂਦਾ ਹੈ। ਫਿਰ ਉਸ ਨੂੰ ਮਨੁੱਖੀ ਗੁਣਾਂ ਦੇ ਮਿਆਨ ਵਿੱਚ ਪਾ ਕੇ ਸੰਭਾਲਿਆ ਜਾਂਦਾ ਹੈ। ਇਸ ਤਰਾਂ ਤਿਆਰ ਕੀਤੀ ਹੋਈ ਤਲਵਾਰ ਨਾਲ ਜਿਸ ਮਨੁੱਖ ਨੂੰ ਕਤਲ ਕਰੋਗੇ ਤਾਂ ਉਸ ਦੇ ਸ਼ਰੀਰ ਵਿਚੋਂ ਵਿਕਾਰਾਂ ਨਾਲ ਭਰਿਆ ਗੰਦਾ ਖੂਨ ਨਿਕਲ ਜਾਵੇਗਾ।**

ਇਸ ਪ੍ਰਥਾਏ ਗੁਰੂ ਜੀ ਨੇ ਇਹ ਅਲਾਹੀ ਸ਼ਬਦ ਉਚਾਰਨ ਕੀਤਾ।

"ਸਚ ਕੀ ਕਾਤੀ ਸਚੁ ਸਭੁ ਸਾਰੁ ॥ ਘਾੜਤ ਤਿਸ ਕੀ ਅਪਰ ਅਪਾਰ ॥ ਸਬਦੇ ਸਾਣ ਰਖਾਈ ਲਾਇ ॥ ਗੁਣ ਕੀ ਥੇਕੈ ਵਿਚਿ ਸਮਾਇ ॥ ਤਿਸ ਦਾ ਕੁਠਾ ਹੋਵੈ ਸੇਖੁ ॥ ਲੋਹੂ ਲਬੁ ਨਿਕਥਾ ਵੇਖੁ ॥ ਹੋਇ ਹਲਾਲੁ ਲਗੈ ਹਕਿ ਜਾਇ॥ ਨਾਨਕ ਦਰਿ ਦੀਦਾਰਿ ਸਮਾਇ ॥੨॥"

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੯੫੬

ਇਹ ਸਭ ਕੁਝ ਸੁਣ ਕੇ ਪੀਰ ਇਬਰਾਹੀਮ ਨੂੰ ਬ੍ਰਹਮ ਗਿਆਨ ਹੋ ਗਿਆ ਅਤੇ ਉਹ ਗੁਰੂ ਜੀ ਦੇ ਚਰਨੀ ਢਹਿ ਪਿਆ।

**ਉਸ ਨੇ ਤੁਰੰਤ ਸ਼ੇਖ਼ ਫਰੀਦ ਜੀ ਦੀ ਬਾਣੀ ਗੁਰੂਦੇਵ ਜੀ ਦੀ ਝੋਲੀ ਵਿੱਚ ਪਾ ਦਿੱਤੀ।**

ਗੁਰੂ ਜੀ ਉਸ ਕੋਲੋਂ ਪਿਆਰ ਭਿੰਨੀ ਵਿਦਾਇਗੀ ਲੈ ਕੇ ਉੱਥੋਂ ਅੱਗੇ ਤੁਰੇ।




ਗੁਰਦੁਆਰਾ ਟਿੱਬਾ ਨਾਨਕ ਸਰ, ਪਾਕਪੱਤਨ



ਦਰਬਾਰ, ਹਜ਼ਰਤ ਸੇਖ਼ ਫਰੀਦ ਜੀ (ਪਾਕਪਟਨ)

**ਬੀਕਾਨੇਰ** ਗੁਰੂ ਜੀ ਸਾਥਿਆਂ ਸਮੇਤ **ਮਹੀਆਂ ਵਾਲੀ, ਮੰਜੂਵਾਸ, ਝਲਾਰ, ਸੂਰਤਗੜ, ਅਰਜਨਸਰ, ਮਹਾਜਨ ਨਗਰ ਖਾਰਾ** ਆਦਿ ਵਿੱਚ ਅਲਾਹੀ ਬਚਨ ਕਰਦੇ ਹੋਏ **250** ਕਿ.ਮੀ. ਚਲ ਕੇ ਬੀਕਾਨੇਰ ਪਹੁੰਚ ਕੇ ਇਕ ਰੁੱਖ ਹੇਠ ਬੈਠ ਕੇ ਅਲਾਹੀ ਕੀਰਤਨ ਆਰੰਭ ਕਰ ਦਿੱਤਾ।




ਲੋਗ ਇਕਠੇ ਹੋ ਗਏ,ਉਨ੍ਹਾਂ ਵਿੱਚ ਕੁੱਛ ਬੈਰਾਗੀ ਲੋਕ ਵੀ ਸਨ। ਉਨ੍ਹਾਂ ਨੇ ਗੁਰੂ ਸਾਹਿਬ ਦੀ ਬਾਣੀ ਸੁਣ ਕੇ ਅਨੁਭਵ ਕੀਤਾ ਕਿ ਇਹ ਮਹਾਂਪੁਰਸ਼ ਸਾਧਾਰਨ ਸੰਤਾਂ ਦੀ ਤਰਾਂ ਨਹੀਂ ਹਨ। ਇਨ੍ਹਾਂ ਦੀ ਅਲਾਹੀ ਬਾਣੀ ਜੀਵਨ ਦਾ ਤਤਸਾਰ ਦਸਦੀ ਹੈ। ਉਨ੍ਹਾਂ ਨੇ ਗੁਰੂ ਸਾਹਿਬ ਨੂੰ ਪੁੱਛਿਆ ਕਿ ਮਨੁੱਖ ਦਾ ਮਾਤ ਲੋਕ ਵਿੱਚ ਆਉਣ ਦਾ ਕੀ ਮਨੋਰਥ ਹੈ? ਗੁਰੂ ਸਾਹਿਬ ਨੇ ਕਿਹਾ ਕਿ **ਮਨੁੱਖਾ ਜਨਮ ਹੀ, ਇਕ ਮਾਤਰ ਐਸਾ ਜਨਮ ਹੈ, ਜਿਸ ਦੁਆਰਾ ਮਨੁੱਖ ਦਾ ਆਵਾਗਵਨ ਦਾ ਚੱਕਰ ਸਮਾਪਤ ਹੋ ਸਕਦਾ ਹੈ।**

ਦੂਸਰਾ ਬੈਰਾਗੀ ਬੋਲਿਆ;-"ਇਹ ਮਨੁੱਖਾ ਜੀਵਨ ਕਿਸ ਤਰਾਂ ਸਫਲ ਕੀਤਾ ਜਾ ਸਕਦਾ ਹੈ ਅਤੇ ਪਰਮੇਸ਼ਰ ਦੀ ਪ੍ਰਾਪਤੀ ਕਿਸ ਵਿਧੀ ਨਾਲ ਹੋ ਸਕਦੀ ਹੈ?" ਤੱਦ ਗੁਰੁਦੇਵ ਜੀ ਨੇ ਇਹ ਅਲਾਹੀ ਸ਼ਬਦ ਉਚਾਰਨ ਕੀਤੇ:-

"ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ॥ ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥" (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-730)

ਭਾਵ ਅਰਥ ਸਮਝਾਉਂਦਿਆਂ ਗੁਰੂ ਜੀ ਨੇ ਕਿਹਾ ਕਿ ਪ੍ਰਭੂ ਦਾ ਨਾਮ ਹੀ ਇਕ ਮਾਤਰ ਜੀਵਨ ਸਫਲ ਕਰਨ ਦਾ ਸਾਧਨ ਹੈ। ਸਭਨਾਂ ਦੀ ਤਸਲੀ ਕਰਵਾ ਕੇ ਗੁਰੂ ਜੀ ਅੱਗੇ ਚੱਲ ਪਏ।



ਗੁਰਦੁਆਰਾ ਸਾਹਿਬ ਜੀ, ਬੀਕਾਨੇਰ

**ਕੋਲਾਇਤ :-** ਗੁਰੂ ਜੀ ਸੰਗਤ ਸਮੇਤ 50 ਕਿ.ਮੀ. ਚੱਲ ਕੇ **ਨਾਲ ਛੋਟੀ, ਗਜਨੇਰ** ਆਦਿ ਵਿੱਚ ਅਲਾਹੀ ਬਚਨ ਕਰਦਿਆਂ ਕਪਿਲ ਮੁਨੀ ਦੇ ਵਸਾਏ ਸ਼ਹਿਰ ਵਿੱਚ 52 ਘਾਟਾਂ ਵਾਲੀ ਬਣਾਈ ਝੀਲ ਦੇ ਕੰਢੇ ਜਾ ਡੇਰਾ ਲਾਇਆ। ਇਥੇ ਕੱਤਕ ਪੂਰਨਵਾਸ਼ੀ ਨੂੰ ਭਰਵਾਂ ਮੇਲਾ ਲਗਦਾ ਹੈ। ਕਪਿਲ ਮੁਨੀ ਦੇ ਚਲਾਏ ਸਾਂਖਿਆ ਯੋਗਾ ਦੇ ਵਿਚਾਰ ਧਾਰਿਕ ਧੁੰਦੀਆਂ ਨਾਲ ਗੁਰੂ ਜੀ ਦੀ ਉਸਾਰੂ ਵਿਚਾਰ -ਚਰਚਾ ਹੋਈ। ਧੂੰਦੀਆ ਸਾਧੂ ਆਪਣਾ ਮੂੰਹ



ਪੁਰਾਤਨ ਸ਼ਹਿਰ, ਕੋਲਾਇਤ

ਕਪੜੇ ਨਾਲ ਢੰਕ ਕੇ ਰਖਦੇ ਸਨ ਕਿ ਅਣਦਿਸਦੇ ਜੀਵਾਉ ਉਨ੍ਹਾਂ ਦੇ ਅੰਦਰ ਨਾ ਚਲੇ ਜਾਣ ਉਹ ਲੋਕ ਮੂੰਹ ਧੋਣਾ ਵੀ ਪਾਪ ਸਮਝਦੇ ਸਨ। ਗੁਰੂ ਜੀ ਨੇ ਉਨ੍ਹਾਂ ਨੂੰ ਵਿਸਥਾਰ ਪੂਰਵਕ ਸਮਝਾਇਆ ਕਿ ਮਨੁੱਖ ਨੂੰ ਮਨ, ਆਤਮਾ ਅਤੇ ਧੁਰ ਅੰਦਰੋਂ ਸੱਚੇ-ਸੁੱਚੇ ਹੋਣਾ ਚਾਹੀਦਾ ਹੈ, ਇਸ ਤਰ੍ਹਾਂ ਗੰਦੇ ਬਣੇ ਰਹਿਣਾ ਕਈ ਪ੍ਰਕਾਰ ਦੀਆਂ ਬੀਮਾਰੀਆਂ ਨੂੰ ਸੱਦਾ ਦੇਣਾ ਹੁੰਦਾ ਹੈ। ਧੂੰਦੀਆ ਨੂੰ ਇਸ ਦਾ ਕੋਈ ਉੱਤਰ ਨਾ ਆਇਆ ਅਤੇ ਉਹ ਗੁਰੂ ਜੀ ਦੀ ਵਿਆਖਿਆ ਸੱਚ ਜਾਣ ਕੇ ਗੁਰੂ ਜੀ ਦੇ ਸਿੱਖ ਬਣ ਗਏ ਅਤੇ ਸਾਫ਼ ਸੁਥਰਾ ਜੀਵਨ ਬਿਤਾਉਣ ਲੱਗੇ।



ਗੁਰਦੁਆਰਾ ਪਾਤਸ਼ਾਹੀ ਪਹਿਲੀ ਸਥਾਨਿਕ ਸਿੱਖਾਂ ਨੇ 1968 ਵਿੱਚ ਉਸਾਰਿਆ, ਕੋਲਾਇਤ (ਰਾਜਸਥਾਨ)

**ਨੋਟ:- ਇਕ ਮਿਥ ਅਨੁਸਾਰ ਵਿਸ਼ਨੂੰ ਦੇ ਅਵਤਾਰ ਕਪਿਲ ਮੁਨੀ ਨੇ ਇਸ ਅਸਥਾਣ ਤੇ ਭਗਤੀ ਕੀਤੀ ਸੀ। 16ਵੀਂ ਸਦੀ ਈ. ਵਿੱਚ ਮਹਾਂਰਾਜਾ ਰਾਏ ਸਿੰਘ ਨੇ ਮਹਾਂ ਵਿਸ਼ਨੂੰ ਮੰਦਿਰ ਦੀ ਉਸਾਰੀ ਕਰਵਾਈ।**

**ਜੈਸਲਮੇਰ :-** ਗੁਰੂ ਜੀ ਸੰਗਤ ਸਮੇਤ **300** ਕਿ.ਮੀ. ਚੱਲ ਕੇ **ਚਰਨਵਾਲਾ, ਮੋਹਨਗੜ, ਬ੍ਰਹਮਸਰ, ਬਾਲਨਾ, ਮੰਗੀ, ਹਮੀਰਾ** ਆਦਿ ਵਿੱਚ ਅਲਾਹੀ ਬਚਨ ਕਰਦਿਆਂ ਜੈਸਲਮੇਰ ਪਹੁੰਚ ਗਏ। ਉੱਥੋਂ ਦੇ ਲੋਕ ਸਮਾਧਾਂ ਅਤੇ ਮੜੀਆਂ ਦੀ ਪੂਜਾ ਕਰਦੇ ਸਨ। ਗੁਰੂ ਜੀ ਨੇ ਉਨ੍ਹਾਂ ਨੂੰ ਕਿਹਾ, ਨਿਰਜੀਵ ਮੂਰਤੀਆਂ ਅਤੇ ਮੜ੍ਹੀਆਂ ਨੂੰ ਪੂਜਣ ਦਾ ਕੋਈ ਲਾਭ ਨਹੀਂ ਹੈ। ਉਸ ਇਕ ਨਿਰੰਕਾਰ ਨੂੰ ਸਦਾ ਯਾਦ ਰੱਖੋ ਜਿਸ ਨੇ ਇਹ ਵਡਮੁੱਲਾ ਜੀਵਨ ਦਿੱਤਾ ਹੈ।



**ਜੈਸਲਮੇਰ ਭੱਟੀ ਰਾਜਪੂਤ, ਰਾਵਲ ਜੈਸਲ ਨੇ 1156 ਏ.ਡੀ. ਤ੍ਰਿਕੂਟ ਪਹਾੜੀ ਉਪਰ ਵਸਾਇਆ।**

ਇਸ ਪ੍ਰਥਾਏ ਗੁਰੂ ਜੀ ਨੇ ਇਹ ਅਲਾਹੀ ਸ਼ਬਦ ਗਾਇਨ ਕੀਤਾ।

**"ਮਨ ਏਕੁ ਨ ਚੇਤਸਿ ਮੂੜ ਮਨਾ ॥ ਹਰਿ ਬਿਸਰਤ ਤੇਰੇ ਗੁਣ ਗਲਿਆ ॥੧॥ ਰਹਾਉ ॥"** (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,ਅੰਗ-12)

ਇਹ ਅਲਾਹੀ ਫੁਰਮਾਣ ਸੁਣ ਕੇ ਸਭਨਾਂ ਨੂੰ ਸਮਝ ਆ ਗਈ। ਉਨ੍ਹਾਂ ਨੇ ਗੁਰੂ ਜੀ ਦਾ ਧੰਨਵਾਦ ਕੀਤਾ ਅਤੇ ਮੂਰਤੀ ਪੂਜਾ ਛੱਡ ਕੇ ਨਿਰੰਕਾਰ ਦੀ ਆਰਾਧਨਾ ਆਰੰਭ ਕਰ ਦਿੱਤੀ।



**ਗੁਰਦੁਆਰਾ ਸਾਧ ਸੰਗਤ, ਜੈਸਲਮੇਰ**


**ਪੋਖਰਨ :-** ਗੁਰੂ ਜੀ ਮਰਦਾਨਾ ਜੀ ਅਤੇ ਸੰਗਤ ਸਮੇਤ 120 ਕਿ.ਮੀ. ਚੱਲ ਕੇ **ਭਾਗੂ ਸਾਗਰਾ, ਚੰਦਨ, ਲਾਥੀ, ਚਾਚਾ, ਗੋਮਤ** ਆਦਿ ਨਗਰਾਂ ਵਿੱਚ ਅਲਾਹੀ ਬਚਨ ਕਰਦਿਆਂ ਪੋਖਰਨ ਪਹੁੰਚ ਕੇ ਉਥੋਂ ਦੇ ਲੋਕਾਂ ਦੀ ਪਾਣੀ ਦੀ ਥੁੜ ਨੂੰ ਵੇਖ ਕੇ ਇਕ ਖੂਹ ਖੁਦਵਾਇਆ। ਖੂਹ ਖੁਦਵਾਉਣ ਕਰਕੇ ਸਭਨਾਂ ਨੇ ਗੁਰੂ ਜੀ ਦਾ ਧੰਨਵਾਦ ਕੀਤਾ। ਗੁਰੂ ਜੀ ਨੇ ਮਰਦਾਨਾ ਜੀ ਨੂੰ ਕਿਹਾ, "ਭੁੱਖ ਲੱਗਣ ਤੇ ਬਬੂਲ (ਕਿੱਕਰ) ਦੇ ਫਲ ਖਾ ਲੈਣਾ। ਇਹ ਸੁਣ ਕੇ ਮਰਦਾਨਾ ਜੀ ਨੂੰ ਥੋੜੀ ਹੈਰਾਨੀ ਜਰੂਰ ਹੋਈ। ਪ੍ਰੰਤੂ ਉਸ ਨੇ ਹੁਕਮ ਮਾਣ ਕੇ ਕਿੱਕਰ ਦੇ ਤੁੱਕੇ ਖਾਣੇ ਸ਼ੁਰੂ ਕੀਤੇ। ਉਹ ਉਸ ਨੂੰ ਮਠਿਆਈ ਵਰਗੇ ਮਿਠੇ ਲਗਣ ਲੱਗੇ।



**14ਵੀਂ ਸਦੀ ਈਸਵੀ ਵਿੱਚ ਬਾਲਾਗੜ ਦੇ ਨਾਮ ਨਾਲ ਚੰਮਾਵਤ ਰਾਜਪੂਤਾਂ ਦੇ ਸਰਦਾਰ ਨੇ ਵਸਾਇਆ**


ਗੁਰੂ ਜੀ ਪੋਖਰਨ ਦੇ ਨੇੜੇ **ਪਿੰਡ ਰਾਮਦੇਵਰਾ** ਵਿੱਚ ਵੀ ਪਧਾਰੇ। ਉਥੋਂ ਦੇ ਲੋਕਾਂ ਨੂੰ ਸਮਝਾਇਆ ਕਿ ਉਹ ਰਾਜਪੂਤ ਸਨਿਆਸੀ ਰਾਮਦੇਵਰਾ ਦੀ ਪੂਜਾ ਛੱਡ ਕੇ ਇਕੋ ਇਕ ਹਰੀ ਨੂੰ ਯਾਦ ਕਰਿਆ ਕਰਨ ਜੋ ਸਭਨਾਂ ਦਾ ਪਾਲਨਹਾਰਾ ਹੈ।

**(Ref. Tourism Dept. of Rajasthan)**



**Gurudwara Shri Guru Nanak Dev Ji Sahib, Pokhran**

**ਜੋਧਪੁਰ :-** ਗੁਰੂ ਜੀ ਸ਼ਰਧਾਲੂਆਂ ਸਮੇਤ 180 ਕਿ.ਮੀ. ਚੱਲ ਕੇ **ਲਵਾਨ, ਖੇੜਾ, ਦੇਚੂ, ਸ਼ੇਖਲਾ, ਬੇਲਵਾ, ਬਾਲੇਸਰ, ਕੇਰੂ, ਬਰਲੀ,** ਆਦਿ ਨਗਰਾਂ ਵਿੱਚ ਅਲਾਹੀ ਬਚਨ ਕਰਦਿਆਂ ਜੋਧਪੁਰ ਪਹੁੰਚ ਕੇ, ਝੀਲ ਦੇ ਕਿਨਾਰੇ ਜਾ ਡੇਰਾ ਲਾਇਆ। ਕੁਝ ਕੁ ਸਥਾਨਿਕ ਇਸਤਰੀਆਂ ਤੇ ਮਰਦ ਜਿਨ੍ਹਾਂ ਦੇ ਰਿਸ਼ਤੇਦਾਰ ਦੀ ਮੌਤ ਹੋ ਜਾਣ ਕਰਕੇ ਰੋ-ਕੁਰਲਾ ਰਹੇ ਸਨ।




**ਰਾਠੌਰ ਕਬੀਲੇ ਦੇ ਰਾਓ ਜੋਧਾ ਨੇ 1459 ਵਿੱਚ ਵਸਾਇਆ**

ਗੁਰੂ ਜੀ ਨੇ ਇਹ ਅਲਾਹੀ ਬਾਣੀ ਉਚਾਰਨ ਕੀਤੀ।

**"ਆਪੇ ਵੇਖੈ ਸੁਣੇ ਆਪੇ ਹੀ ਕੁਦਰਤਿ ਕਰੇ ਜਹਨੁ ॥ ਜੋ ਤਿਸੁ ਭਾਵੈ ਨਾਨਕਾ ਹੁਕਮੁ ਸੋਈ ਪਰਵਾਨੁ ॥"** (ਅੰਗ-25)

**"ਆਪੁ ਵੀਚਾਰੈ ਸੁ ਪਰਖੇ ਹੀਰਾ ॥ ਏਕ ਦ੍ਰਿਸਟਿ ਤਾਰੇ ਗੁਰ ਪੂਰਾ ॥ ਗੁਰੁ ਮਾਨੈ ਮਨ ਤੇ ਮਨੁ ਧੀਰਾ।"** (ਅੰਗ-413)

ਇਹ ਅਲਾਹੀ ਫੁਰਮਾਨ ਸੁਣ ਕੇ ਸਭ ਲੋਕ ਸਾਂਤ ਹੋ ਗਏ। ਉਨ੍ਹਾਂ ਵਿੱਚ ਇਕ ਸਿੱਧ ਜੋਗੀ ਵੀ ਬੈਠਾ ਸੀ। ਉਸਨੇ ਝੀਲ ਦੇ ਪਾਣੀ ਉਪਰ ਬੈਠਣ ਦੀ ਕੋਸ਼ਿਸ਼ ਕੀਤੀ। ਪ੍ਰੰਤੂ ਉਸ ਦੇ ਇਸ ਕਰਮ ਤੋਂ ਪਹਿਲਾਂ ਹੀ ਗੁਰੂ ਜੀ ਨੇ ਇਕ ਛੋਟਾ ਜਿਹਾ ਪੱਥਰ ਪਾਣੀ ਵਿੱਚ ਸੁਟਿਆ ਜੋ ਪਾਣੀ ਉੱਪਰ ਤਰਨ ਲੱਗ ਪਿਆ। ਇਹ ਵੇਖ ਕੇ ਸਿੰਧ ਜੋਗੀ ਗੁਰੂ ਜੀ ਦੇ ਚਰਨੀ ਢਹਿ ਪਿਆ ਅਤੇ ਪ੍ਰਮਾਤਮਾ ਦੇ ਮਿਲਾਪ ਲਈ ਸੱਚਾ ਮਾਰਗ ਦਰਸ਼ਨ ਕਰਨ ਲਈ ਬੇਨਤੀ ਕਰਨ ਲੱਗਾ। ਗੁਰੂ ਜੀ ਦੀ ਮੇਹਰ ਸਦਕਾ ਉਸ ਨੂੰ ਬ੍ਰਹਮ ਗਿਆਨ ਹੋ ਗਿਆ।




**ਗੁਰਦੁਆਰਾ ਸਾਹਿਬ, ਜੋਧਪੁਰ**

**ਨਾਥਦੁਆਰਾ (ਰਾਜਸਥਾਨ):-** ਗੁਰੂ ਜੀ ਮਰਦਾਨਾ ਜੀ ਅਤੇ ਹੋਰ ਸ਼ਰਧਾਲੂ ਜੋਧਪੁਰ ਤੋਂ 70 ਕਿ. ਮੀ. ਚੱਲ ਕੇ ਪਾਲੀ ਸ਼ਹਿਰ ਵਿੱਚ ਕੁਝ ਸਮ੍ਹਾਂ ਅਲਾਹੀ ਬਚਨ ਕਰਨ ਉੱਪ੍ਰਤ 100 ਕਿ. ਮੀ. ਹੋਰ ਚਲਦੇ ਹੋਏ **ਠਾਕੁਰਲਾ, ਜਵਾਲੀ, ਗਵਾਰਾ, ਰੂਪ ਨਗਰ, ਪੀਲਾਂਤਰੀ** ਆਦਿ ਨਗਰਾਂ ਵਿੱਚ ਅਲਾਹੀ ਬਚਨ ਕਰਦੇ ਹੋਏ ਨਾਥਦੁਆਰ ਪਹੁੰਚ ਗਏ। ਇਹ ਸ਼ਹਿਰ, ਸ੍ਰੀ ਕ੍ਰਿਸ਼ਨ ਜੀ ਦਾ ਪ੍ਰਸਿਧ ਮੰਦਿਰ, **ਸ੍ਰੀ ਨਾਥਦੁਆਰ** ਹੋਣ ਕਰਕੇ ਨਾਥਦੁਆਰ ਦੇ ਨਾਮ ਤੇ ਪ੍ਰਸਿੱਧ ਹੈ। ਇਸ ਮੰਦਿਰ ਵਿੱਚ ਚੜ੍ਹਾਵਾ ਵਧੇਰੇ ਹੋਣ ਕਰਕੇ ਇਥੋਂ ਦੇ ਪੰਡੇ ਅਭਿਮਾਨੀ ਤੇ ਬਿਲਾਸਤਾ ਵਿੱਚ ਮਸਤ ਰਹਿੰਦੇ ਸਨ ਅਤੇ ਕੀਮਤੀ ਕਪੜੇ ਤੇ ਗਲ ਵਿੱਚ ਹੀਰਿਆਂ ਦੀਆਂ ਮਾਲਾ ਸਨ। ਗੁਰੂ ਜੀ ਨੂੰ ਗਰੀਬੜਾ ਜਿਹਾ ਵੇਖ ਕੇ ਮੰਦਿਰ ਦੇ ਨੇੜੇ ਨਾ ਆਉਣ ਦਿੱਤਾ।



**ਸ੍ਰੀ ਕ੍ਰਿਸ਼ਨ ਜੀ ਦੇ ਪੜਪੋਤੇ ਨੇ 5000 ਸਾਲ ਪਹਿਲਾਂ ਇਥੇ ਗੋਪਾਲ ਮੰਦਿਰ ਬਣਵਾਇਆ**

ਇਸ ਪ੍ਰਕਾਰ ਧਨ ਦੇ ਵਿਖਾਵੇ ਨੂੰ ਭਾਈ ਮਰਦਾਨੇ ਨੇ ਧਰਮ ਕਰਮ ਦੇ ਉਲਟ ਸਮਝ ਕੇ ਗੁਰੂ ਜੀ ਨੂੰ ਪੁੱਛਿਆ:-**"ਹੇ ਗੁਰਦੇਵ ਜੀ। ਇਨ੍ਹਾਂ ਪੰਡਿਆਂ ਦੀ ਮੱਤ, ਧਨ ਦੇ ਨਸ਼ੇ ਵਿੱਚ ਮਲੀਨ ਹੋ ਗਈ ਹੋਈ ਹੈ, ਬੰਦੇ ਨੂੰ ਬੰਦਾ ਵੀ ਨਹੀਂ ਸਮਝਦੇ।"**

ਗੁਰੂ ਜੀ ਨੇ ਭਾਈ ਮਰਦਾਨੇ ਨੂੰ ਕਿਹਾ, "ਰਬਾਬ ਛੇੜੋ ਬਾਣੀ ਆਈ ਹੈ।"

"ਚੋਆ ਚੰਦਨੁ ਅੰਕਿ ਚੜਾਵਉ ॥ ਪਾਟ ਪਟੰਬਰ ਪਹਿਰਿ ਹਢਾਵਉ ॥ ਬਿਨੁ ਹਰਿ ਨਾਮ ਕਹਾ ਸੁਖੁ ਪਾਵਉ ॥
ਕਿਆ ਪਹਿਰਉ ਕਿਆ ਓਢਿ ਦਿਖਾਵਉ ॥ ਬਿਨੁ ਜਗਦੀਸ ਕਹਾ ਸੁਖੁ ਪਾਵਉ ॥੧॥ ਰਹਾਉ ॥" (ਸ੍ਰੀ ਗੁਰੁ ਗ੍ਰੰਥ ਸਾਹਿਬ ਜੀ, ਅੰਗ-੨੨੫)

ਸਾਰੇ ਯਾਤਰੀ ਪ੍ਰਮਾਤਮਾਂ ਦੀ ਸੱਚੀ ਵਡਿਆਈ ਸੁਣ ਕੇ ਗੁਰੂ ਜੀ ਕੋਲ ਆ ਬੈਠੇ। ਇਹ ਦੇਖਕੇ ਪੰਡਿਆਂ ਨੂੰ ਚਿੰਤਾ ਹੋ ਗਈ ਕਿ ਯਾਤਰੀ ਸਾਰਾ ਧਨ ਇਨ੍ਹਾਂ ਸਾਧੂਆਂ ਨੂੰ ਨਾ ਭੇਟਾ ਕਰ ਦੇਣ। ਉਹ ਵੀ ਕੋਲ ਆ ਕੇ ਅਲਾਹੀ ਬਚਨ ਸੁਨਣ ਲੱਗੇ।

ਇਕ ਯਾਤਰੀ ਨੇ ਗੁਰੂ ਜੀ ਨੂੰ ਪੁੱਛਿਆ, "ਇਸ ਅਲਾਹੀ ਬਾਣੀ ਅਨੁਸਾਰ ਤਾਂ ਧਨ ਦੌਲਤ ਖੋਖਲਾ ਹੈ ਇਸ ਨਾਲ ਸੁਖ ਪ੍ਰਾਪਤ ਨਹੀਂ ਹੋ ਸਕਦੇ, ਕੇਵਲ ਹਰੀ ਦੇ ਨਾਂ ਵਿੱਚ ਹੀ ਸਾਰੇ ਸੁੱਖ ਲੁਕੇ ਹੋਏ ਹਨ। ਪ੍ਰੰਤੂ ਇੱਥੇ ਤਾਂ ਚਾਰੇ ਪਾਸੇ ਹੀ ਮਾਇਆ ਦਾ ਬੋਲ ਬਾਲਾ ਹੈ। ਫਿਰ ਅਸੀਂ ਕਿਸ ਗੱਲ ਤੇ ਵਿਸ਼ਵਾਸ ਕਰੀਏ।

ਗੁਰੂ ਜੀ ਨੇ ਕਿਹਾ;- "ਧਨ ਦੌਲਤ ਦਾ ਜਿਹੜਾ ਪਸਾਰਾ ਤੁਸੀਂ ਦੇਖ ਰਹੇ ਹੋ ਉਹ ਬਹੁਤ ਸੁਹਾਵਣਾ ਨਜ਼ਰ ਆਉਂਦਾ ਹੈ ਪ੍ਰੰਤੂ ਇਸ ਦੇ ਪਿੱਛੇ ਨਾ ਖਤਮ ਹੋਣ ਵਾਲਾ ਕਲੇਸ਼ ਹੈ। ਇਸ ਲਈ ਇਹ ਜਿਹੜਾ ਸੁਖ ਤੁਹਾਨੂੰ ਮਾਇਆ ਨਾਲ ਮਿਲ ਰਿਹਾ ਹੈ ਇਸ ਸੁੱਖ ਨੂੰ ਭੋਗਣ ਲਈ ਮਨ ਵਿੱਚ ਪ੍ਰਮਾਤਮਾ ਦਾ ਵਾਸ ਹੋਣਾ ਬਹੁਤ ਜਰੂਰੀ ਹੈ। ਜੇਕਰ ਪ੍ਰਮਾਤਮਾਂ ਦੇ ਨਾਮ ਦਾ ਕੁੰਡਾ ਸਾਡੇ ਕੋਲੋਂ ਛੁੱਟ ਗਿਆ ਤਾਂ ਹਾਥੀ ਵਰਗਾ ਮਨ ਲੋਭੀ ਹੋ ਜਾਵੇਗਾ ਅਤੇ ਭਟਕਦਾ ਫਿਰੇਗਾ ਜਿਸ ਵਿੱਚ ਦੁੱਖ ਹੀ ਦੁੱਖ ਹੈ।

ਇਹ ਸੁਣ ਕੇ ਸਾਰੇ ਯਾਤਰੀ ਤਾ ਸ਼ਾਂਤ ਹੋਣੇ ਹੀ ਸਨ, ਪੰਡੇ ਵੀ ਆਪਣੀਆਂ ਕਰਤੂਤਾਂ ਤੇ ਸ਼ਰਮਿੰਦੇ ਹੋ ਗਏ। ਉਨ੍ਹਾਂ ਨੇ ਵੀ ਆਪਣੇ ਮਨ ਦੀ ਸਾਂਤੀ ਲਈ ਗੁਰੂ ਜੀ ਦੇ ਉਪਦੇਸ਼ ਤੇ ਅਮਲ ਕਰਨ ਦਾ ਪ੍ਰਣ ਕੀਤਾ।

ਗੁਰੂਦੇਵ ਜੀ ਨੇ ਉੱਥੋ ਕੁਝ ਕੁ ਦਿਨ ਠਹਿਰਨ ਉਪ੍ਰੰਤ ਆਪਣੀ ਅਗਲੀ ਯਾਤਰਾ ਆਰੰਭ ਕੀਤੀ।

**ਚਿਤੌੜਗੜ੍ਹ (ਰਾਜਸਥਾਨ):-** ਗੁਰੂ ਜੀ ਸਾਥੀਆਂ ਸਮੇਤ 200 ਕਿ.ਮੀ. ਚੱਲ ਕੇ **ਗਾਂਧੀ ਸਾਗਰ, ਰਾਮਪੂਰਾ, ਮਨਾਸਾ, ਜਾਵੜ, ਨਿੰਬਾਹੇੜਾ** ਆਦਿ ਨਗਰਾਂ ਵਿੱਚ ਅਲਾਹੀ ਬਚਨ ਕਰਦਿਆਂ ਚਿਤੌੜਗੜ੍ਹ ਪਹੁੰਚ ਗਏ। ਉੱਥੇ 14 ਅਵਤਾਰਾਂ ਦੀਆਂ ਅਲੱਗ-ਅਲੱਗ ਮੂਰਤੀਆਂ ਬਣਾ ਕੇ ਉਨ੍ਹਾ ਦੀ ਪੂਜਾ ਕੀਤੀ ਜਾਂਦੀ ਹੈ। ਇਹ ਮੂਰਤੀਆਂ ਲੋਕਾਂ ਵਾਸਤੇ ਭੰਬਲਭੂਸਾ ਹੀ ਹਨ। ਗੁਰੂ ਜੀ ਨੇ ਮਰਦਾਨਾ ਜੀ ਨੂੰ ਕਿਹਾ, **"ਰਬਾਬ ਛੇੜੋ ਬਾਣੀ ਆਈ ਹੈ।"**



**7ਵੀਂ ਸਦੀ ਵਿੱਚ ਪਾਂਡਵ, ਭੀਮ ਨੇ ਵਸਾਇਆ**

"ਏਕਮ ਏਕੰਕਾਰੁ ਨਿਰਾਲਾ ॥ ਅਮਰੁ ਅਜੋਨੀ ਜਾਤਿ ਨ ਜਾਲਾ ॥ਅਗਮ ਅਗੋਚਰੁ ਰੂਪੁ ਨ ਰੇਖਿਆ ॥
ਖੋਜਤ ਖੋਜਤ ਘਟਿ ਘਟਿ ਦੇਖਿਆ ॥ ਜੋ ਦੇਖਿ ਦਿਖਾਵੈ ਤਿਸ ਕਉ ਬਲਿ ਜਾਈ ॥ ਗੁਰਪਰਸਾਦਿ ਧਰਮ ਪਦੁ ਪਾਈ ॥੧॥
ਕਿਆ ਜਪੁ ਜਾਪਉ ਬਿਨੁ ਜਗਦੀਸੈ ॥ਗੁਰ ਕੈ ਸਬਦਿ ਮਹਲੁ ਘਰੁ ਦੀਸੈ ॥੧॥ਰਹਾਉ॥" ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੮੩੮

ਸਾਰੀ ਸ੍ਰਿਸ਼ਟੀ ਦਾ ਪਸਾਰਾ ਇਕ ਪ੍ਰਮਾਤਮਾ ਨੇ ਹੀ ਕੀਤਾ ਹੈ ਜਿਹੜਾ ਕਿ ਅਮਰ ਹੈ, ਮਾਤਾ ਦੇ ਗਰਭ ਚੋਂ ਨਾ ਜਨਮ ਲੈਣ ਵਾਲਾ ਹੈ ਜਿਸ ਦਾ ਕੋਈ ਰੰਗ ਰੂਪ ਨਹੀਂ, ਉਹ ਨਿਰਾਕਾਰ, ਜੋਤਿ ਸਰੂਪ, ਹਰ ਇਨਸਾਨ ਦੇ ਅੰਦਰ ਰਮਿਆ ਹੋਇਆ ਹੈ।

ਅਵਤਾਰ ਤਾਂ ਮਾਤਾ ਦੀ ਕੁੱਖ ਤੋਂ ਜਨਮ ਲੈਂਦੇ ਹਨ ਅਤੇ ਉਹ ਅਮਰ ਨਹੀਂ ਹੁੰਦੇ ਕਿਉਂਕਿ ਉਨ੍ਹਾਂ ਦਾ ਮਰਣਾ ਵੀ ਅਵੱਸ਼ ਹੈ। ਅਰਥਾਤ ਜਨਮ ਲੈ ਕੇ ਆਉਂਣ ਵਾਲਾ ਮਨੁੱਖ, ਪਾਰਬ੍ਰਹਮ ਪ੍ਰੇਮਸ਼ਵਰ ਨਹੀਂ ਹੋ ਸਕਦਾ। ਕਿਉਂਕਿ ਉਹ ਜਨਮ- ਮਰਨ ਦੇ ਚੱਕਰ ਵਿੱਚ ਬੰਨਿਆਂ ਹੋਇਆ ਹੈ। ਇਹ ਸੁਣ ਕੇ ਸਾਰੇ ਪੁਜਾਰੀ ਗੁਰੂ ਜੀ ਦੀ ਸਰਣ ਵਿੱਚ ਆ ਗਏ। ਉਨ੍ਹਾਂ ਨੂੰ ਉਪਦੇਸ਼ ਕਰਦੇ ਹੋਏ ਗੁਰੂ ਜੀ ਅਗਲੇ ਪੜਾ ਲਈ ਚੱਲ ਪਏ। **(ਕਿਹਾ ਜਾਂਦਾ ਹੈ ਕਿ ਚਿਤੌੜਗੜ੍ਹ ਦਾ ਕਿਲ੍ਹਾ ਇਸ਼ੀਆ ਵਿੱਚ ਸਭ ਤੋਂ ਵੱਡਾ ਕਿਲ੍ਹਾ ਹੈ।)**



**ਗੁਰਦੁਆਰਾ ਗੁਰੂ ਨਾਨਕ ਟਿੱਲਾ ਸਾਹਿਬ (ਚਿਤੌੜਗੜ)**

**ਉਧੇਪੁਰ (ਰਾਜਸਥਾਨ):-** ਗੁਰੂ ਜੀ ਸਾਥੀਆਂ ਸਮੇਤ ਚਿਤੌੜਗੜ੍ਹ ਤੋਂ 100 ਕਿ. ਮੀ. ਚੱਲ ਕੇ **ਸਤਪੁਰਾ, ਪੀਪਲਵਾਸ, ਨਰਬਦੀਆਂ, ਜਲਖੇੜੀ, ਨਰਾਇਣਪੁਰਾ, ਡਰੋਲੀ,** ਆਦਿ ਥਾਵਾਂ ਤੇ ਠਹਿਰ ਕੇ ਅਲਾਹੀ ਬਚਨ ਕਰਦਿਆਂ ਉਧੇਪੁਰ ਪਹੁੰਚ ਕੇ ਗੁਰੂ ਜੀ ਨੇ ਮਰਦਾਨਾ ਜੀ ਨੂੰ ਰਬਾਬ ਛੇੜਨ ਲਈ ਕਿਹਾ ਅਤੇ ਆਪ ਜੀ ਮਿੱਠੀ ਧੁਨੀ ਵਿੱਚ ਅਲਾਹੀ ਸ਼ਬਦ ਗਾਇਨ ਕਰਨ ਲੱਗੇ। ਅਲਾਹੀ ਕੀਰਤਨ ਸਰਵਨ ਕਰਨ ਲਈ ਸ਼ਹਿਰ ਦੇ ਲੋਕ ਗੁਰੂ ਜੀ ਦੇ ਆਲੇ-ਦੁਆਲੇ ਆਣ ਬੈਠੇ ਅਤੇ ਕੀਰਤਨ ਵਿੱਚ ਮਸਤ ਹੋ ਗਏ। ਅੱਗੇ ਕੀਰਤਨ ਉਪ੍ਰੰਤ ਗੁਰੂ ਜੀ ਨੇ ਉਪਦੇਸ਼ ਦਿੰਦਿਆਂ ਸਭਨਾਂ ਨੂੰ ਕਿਹਾ ਕਿ ਮਨੁੱਖ ਨੂੰ ਨੇਕ ਕਮਾਈ ਕਰਕੇ ਅਪਣੀਆਂ ਲੋੜਾਂ ਪੂਰੀਆਂ ਕਰਨ ਉਪ੍ਰੰਤ ਲੋੜਵੱਦਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ। ਸਭਨਾਂ ਨੇ ਗੁਰੂ ਜੀ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਦੇ ਉਪਦੇਸ਼ ਤੇ ਅਮਲ ਕਰਨਾ ਸ਼ੁਰੂ ਕਰ ਦਿੱਤਾ।



**ਰਾਜਾ ਉਧੇ ਸਿੰਘ ਨੇ ਪੁਰਾਨੇ ਸ਼ਹਿਰ ਨੂੰ 1553 ਵਿੱਚ ਅਪਣੀ ਰਾਜਧਾਨੀ ਬਣਾਇਆ**




**ਇਸ ਅਸਥਾਨ ਦੀ ਨਿਸ਼ਾਨ ਦੇਹੀ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਪ੍ਰਚਾਰ ਫੇਰੀ ਵੇਲੇ ਕੀਤੀ, ਉਪ੍ਰੰਤ, ਗੁਰਦੁਆਰਾ ਸਾਹਿਬ ਦਾ ਨਿਰਮਾਣ ਹੋਇਆ। (ਉਧੇਪੁਰ )**

**ਆਬੂ ਪਰਬਤ (ਰਾਜਸਥਾਨ):-** ਗੁਰੂ ਜੀ ਸਾਥੀਆਂ ਸਮੇਤ 170 ਕਿ.ਮੀ. ਚੱਲ ਕੇ **ਵੀਰਪੁਰਾ, ਸਾਲਾਘਾਟੀ, ਖੂਨਾ, ਰੋਹੀੜਾ, ਪੰਡੋਰੀ** ਆਦਿ ਵਿੱਚ ਅਲਾਹੀ ਬਚਨ ਕਰਦਿਆਂ ਆਬੂ ਪਰਬਤ ਪਹੁੰਚ ਗਏ।



**11ਵੀਂ ਸਦੀ ਵਿੱਚ ਚਾਲੂਕਾ ਕਬੀਲੇ ਨੇ ਮੰਦਿਰ ਬਣਵਾਏ**

ਉਥੇ ਜੈਨੀ ਸਾਧੂਆਂ ਦੇ ਪ੍ਰਸਿਧ ਮੰਦਰ ਹਨ। ਗੁਰੂ ਜੀ ਨੂੰ ਜੈਨੀ ਸਾਧੂਆਂ ਦਾ ਜੀਵਣ ਦੇਖਕੇ ਬੜਾ ਦੁੱਖ ਹੋਇਆ।

ਜੈਨੀ ਕਿਸੇ ਨੂੰ ਦੁੱਖ ਨਾ ਦੇਣ ਵਾਲੇ **ਅਹਿੰਸਾ ਪਰਮੋ ਧਰਮਾ** ਦੇ ਚੱਕਰਾਂ ਵਿੱਚ ਪੈ ਕੇ ਪਾਣੀ ਵੀ ਨਾਂਹ ਦੇ ਬਰਾਬਰ ਵਰਤਦੇ ਹਨ। ਉਨ੍ਹਾਂ ਦਾ ਵਿਸ਼ਵਾਸ਼ ਹੈ ਕਿ ਨਹਾਉਣ ਵੇਲੇ ਵੀ ਪਾਣੀ ਵਿਚਲੇ ਜੀਵ ਮਰ ਜਾਂਦੇ ਹਨ, ਇਸ ਨਾਲ ਜੀਵ ਹੱਤਿਆ ਹੋ ਜਾਂਦੀ ਹੈ। ਨਾ ਨਹਾਉਣ ਕਾਰਣ, ਉਨ੍ਹਾਂ ਕੋਲੋਂ ਬਦਬੂ ਆਉਂਦੀ ਹੈ। ਇਸ ਤੋਂ ਇਲਾਵਾ ਇਹ ਆਪਣੇ ਸ੍ਰੀਰ ਵਿੱਚੋਂ ਨਿਕਲਿਆ ਮਲ ਵੀ ਤੀਲੇ ਨਾਲ ਖਿਲਾਰ ਦਿੰਦੇ ਹਨ ਤਾਂ ਕਿ ਕੋਈ ਜੀਵ ਗੰਦ ਵਿੱਚ ਪੈਦਾ ਹੋ ਕੇ ਮਰ ਨਾਂ ਜਾਵੇ ਅਤੇ ਸਿਰ ਦੇ ਵਾਲ ਵੀ ਇਕ-ਇਕ ਕਰਕੇ ਪੁੱਟ ਦਿੰਦੇ ਹਨ ਤਾਂ ਕਿ ਕੋਈ ਜੀਵ ਪਸੀਨੇ ਨਾਲ ਪੈਦਾ ਨਾ ਹੋ ਜਾਵੇ। ਉਹ ਜਦੋਂ ਵੀ ਕਿਤੇ ਆਉਂਦੇ ਜਾਂਦੇ ਤਾਂ ਪੈਰਾਂ ਵਿੱਚ ਕੋਈ ਜੁੱਤੀ ਵੀ ਨਹੀਂ ਪਾਉਂਦੇ ਤਾਂ ਕਿ ਕੋਈ ਜੀਵ ਉਨ੍ਹਾਂ ਦੇ ਪੈਰਾਂ ਥੱਲੇ ਆ ਕੇ ਮਰ ਨਾ ਜਾਵੇ।

ਗੁਰੂ ਜੀ ਨੇ ਇਨ੍ਹਾਂ ਨੂੰ ਕਿਹਾ, "ਤੁਹਾਡਾ ਇਨਸਾਨ ਹੋਣਾ ਵੀ ਮਨੁੱਖਾ ਸਮਾਜ ਲਈ ਇਕ ਕਲੰਕ ਹੈ।"

ਉਥੇ ਜੈਨੀ ਸਾਧੂਆਂ ਦੇ ਕਈ ਪ੍ਰਕਾਰ ਦੇ ਫਿਰਕੇ ਸਨ। ਉਨ੍ਹਾਂ ਦੇ ਅਲਗ ਅਲਗ ਵਿਸ਼ਵਾਸ ਅਤੇ ਮੰਨਤਾਂ ਸਨ। ਜਿਸ ਕਾਰਣ ਉਨ੍ਹਾਂ ਸਾਰਿਆਂ ਦਾ ਜੀਵਨ ਇਕੋ ਜਿਹਾ ਨਹੀਂ ਸੀ। ਕਈ ਤਾਂ ਕਪੜੇ ਵੀ ਨਹੀਂ ਪਾਉਂਦੇ ਸਨ, ਕਈ ਅੰਨ ਨਹੀਂ ਖਾਂਦੇ ਸਨ, ਕਈ ਮੌਨ ਵਰਤ ਰਖਦੇ ਸਨ ਅਤੇ ਕਈ ਜੂਠੀਆਂ ਚੀਜਾਂ ਖਾ ਕੇ ਢਿੱਡ ਭਰਨ ਨੂੰ ਪੁੰਨ ਦਾ ਕੰਮ ਸਮਝਦੇ ਸਨ। ਇਨ੍ਹਾਂ ਸਭਨਾਂ ਗੱਲਾਂ ਨੂੰ ਦੇਖਕੇ ਗੁਰੂ ਜੀ ਨੇ ਉਨ੍ਹਾਂ ਪ੍ਰਤੀ ਇਹ ਅਲਾਹੀ ਬਾਣੀ ਗਾਇਣ ਕੀਤੀ।

**"ਸਿਰੁ ਖੋਹਾਹਿ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ॥ ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ॥ ਭੇਡਾ ਵਾਗੀ ਸਿਰੁ ਖੋਹਾਇਨਿ ਭਰੀਅਨਿ ਹਥ ਸੁਆਹੀ॥ ਮਾਊ ਪੀਊ ਕਿਰਤੁ ਗਵਾਇਨਿ ਟਬਰ ਰੋਵਨਿ ਧਾਹੀ॥ ਓਨਾ ਪਿੰਡੁ ਨ ਪਤਲਿ ਕਿਰਿਆ ਨ ਦੀਵਾ ਮੁਏ ਕਿਥਾਊ ਪਾਹੀ॥ ----------**
**ਲਕੀ ਕਾਸੇ ਹਥੀ ਫੁੰਮਣ ਅਗੋ ਪਿਛੀ ਜਾਹੀ॥ ਨਾ ਓਇ ਜੋਗੀ ਨਾ ਓਇ ਜੰਗਮ ਨਾ ਓਇ ਕਾਜੀ ਮੁੰਲਾ॥---**
**ਮੁਇਆ ਜੀਵਦਿਆ ਗਤਿ ਹੋਵੈ ਜਾਂ ਸਿਰਿ ਪਾਈਐ ਪਾਣੀ॥ ਨਾਨਕ ਸਿਰਖੁਥੇ ਸੈਤਾਨੀ ਏਨਾ ਗਲ ਨ ਭਾਣੀ॥**
**----------------------------------------------------------------**
**ਗੁਰੂ ਸਮੁੰਦੁ ਨਦੀ ਸਭਿ ਸਿਖੀ ਨਾਤੈ ਜਿਤੁ ਵਡਿਆਈ॥ ਨਾਨਕ ਜੇ ਸਿਰਖੁਥੇ ਨਾਵਨਿ ਨਾਹੀ ਤਾ ਸਤ ਚਟੇ ਸਿਰਿ ਛਾਈ॥"**

**(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-149)**

ਇਸ ਅਲਾਹੀ ਸ਼ਬਦ ਦਾ ਸਾਰ ਸਮਝ ਕੇ ਜੈਨੀ ਸਾਧੂ ਜੀਵਨ ਦੀ ਅਸਲੀਅਤ ਜਾਣ ਗਏ ਅਤੇ ਗੁਰੂ ਜੀ ਨੇ ਨਮਸਕਾਰ ਕੀਤੀ। ਗੁਰੂ ਜੀ ਨੇ ਜੈਨੀ ਸਾਧੂਆਂ ਨੂੰ ਜੀਵਨ ਅਸਲ ਮਨੋਰਥ ਸਮਝਾਇਆ ਅਤੇ ਕੁਝ ਦਿਨ ਉਥੇ ਰੁਕ ਕੇ ਅੱਗੇ ਚੱਲ ਪਏ।



**ਗੁਰਦੁਆਰਾ ਗੁਰੂ ਨਾਨਕ ਦਰਸ਼ਨ, ਆਬੂ ਪਰਬਤ**

**ਲਖਪਤ ਨਗਰ (ਗੁਜਰਾਤ):-** ਗੁਰੂ ਜੀ ਸਾਥੀਆਂ ਸਮੇਤ 550 ਕਿ.ਮੀ. ਚੱਲ ਕੇ **ਅਮੀਰਗੜ੍ਹ, ਪਾਲਨਪੁਰ, ਮੋਤਾ, ਅਕੋਲ, ਜੂਨਾ, ਦਾਮਾ, ਕਟਾਰਵਾ, ਵਾਸਨਾ, ਚਾਲਵਾ, ਖੋਰਡਾ, ਮੋਰੀਖਾ, ਈਟਾ, ਰੂਨੀ, ਕਟਾਵ, ਜਾਮਵਾੜਾ, ਬਾਬਰਾ, ਵਾਵਾ, ਬੇਲਾ, ਅਮਰਾਪੜ, ਜਨਾਨ, ਕੱਛ ਲੇਕ ਪਾਰ ਕਰਕੇ ਕੁਨੀਆਂ, ਖਾਵੜਾ, ਧੋਰਡੋ, ਭੀਤਨਾ, ਲੂਨਾ, ਬਾਨਾ, ਪ੍ਰਾਨਪੁਰ** ਆਦਿ ਨਗਰਾਂ ਵਿੱਚ ਅਲਾਹੀ ਬਚਨ ਕਰਦਿਆਂ ਲਖਪਤ ਨਗਰ ਪਹੁੰਚ ਗਏ। ਇਥੇ 6 ਮਹੀਨੇ ਸਮੁੰਦਰ ਦਾ ਖਾਰਾ ਪਾਣੀ ਧਰਤੀ ਤੇ ਖਿਲਰਿਆ ਰਹਿਣ ਕਰਕੇ ਕੋਈ ਫਸਲ ਨਹੀਂ ਹੁੰਦੀ। ਇਸ ਲਈ ਆਬਾਦੀ ਵੀ ਘਟ ਹੈ। ਗੁਰੂ ਜੀ ਨੇ ਲੋਕਾਂ ਨੂੰ ਪ੍ਰੇਰਿਆ ਅਤੇ ਨਵਾਂ ਨਗਰ ਵਸਾ ਦਿੱਤਾ। ਧਰਮਸਾਲਾ ਦਾ ਵੀ ਨਿਰਮਾਣ ਕਰਵਾਇਆ। ਗੁਰੁ ਜੀ ਦੇ ਦੱਸੇ ਢੰਗ ਤਰੀਕਿਆਂ ਨਾਲ ਜਨਤਾ ਨੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਅਤੇ ਸਾਰੇ ਸੁਖੀ ਵਸਣ ਲੱਗੇ।



**ਇਹ ਨਗਰ 1028 ਈ. ਵਿੱਚ ਗਜ਼ਨਵੀ ਦੀ ਮਾਰ ਤੋਂ ਡਰਦੇ ਲੋਕਾਂ ਨੇ ਵਸਾਇਆ**



**ਗੁਰਦੁਆਰਾ ਸਾਹਿਬ ਜੀ, ਲਖਪਤ ਨਗਰ** (ਗੁਜਰਾਤ)

**ਨਾਰਾਇਣ ਸਰੋਵਰ (ਗੁਜਰਾਤ):-** ਗੁਰੂ ਜੀ ਸਾਥੀਆਂ ਸਮੇਤ 40 ਕਿ.ਮੀ. ਚੱਲ ਕੇ ਰਸਤੇ ਵਿੱਚ ਆਉਂਦੇ ਨਗਰਾਂ ਵਿੱਚ ਅਲਾਹੀ ਬਚਨ ਕਰਦਿਆਂ **ਨਾਰਾਇਣ ਸਰੋਵਰ** ਪਹੁੰਚ ਗਏ। ਇਹ ਥਾਂ ਗਯਾ ਦੀ ਤਰਾਂ ਪੂਜਣ ਯੋਗ ਹੈ। ਗੁਰੂ ਜੀ ਨੇ ਸਾਥੀਆਂ ਸਮੇਤ ਨਾਰਾਇਣ ਸਰੋਵਰ ਦੇ ਕੰਢੇ ਬੈਠ ਕੇ ਅਲਾਹੀ ਕੀਰਤਨ ਆਰੰਭ ਕਰ ਦਿੱਤਾ। ਯਾਤਰੀ ਜੋ ਆਪਣੇ ਪਿਤਰਾਂ ਨੂੰ ਪਿੰਡਦਾਨ ਕਰਨ ਲਈ ਆਇਆ ਹੋਏ ਸਨ। ਉਨ੍ਹਾਂ ਨੂੰ ਅਸਲ ਪੂਜਾ ਦਾ ਢੰਗ ਦੱਸਦਿਆਂ ਇਸ ਅਲਾਹੀ ਸ਼ਬਦ ਦਾ ਗਾਇਨ ਕੀਤਾ।



**ਸ੍ਰੀਮਧ ਭਾਗਵਤ ਪੁਰਾਣ ਅਨੁਸਾਰ ਪੰਜ ਸਰੋਵਰਾਂ ਵਿੱਚੋਂ ਇਕ ਹੈ**

"ਸੁਰਤੀ ਸੁਰਤਿ ਰਲਾਈਐ ਏਤੁ ॥ਤਨੁ ਕਰਿ ਤੁਲਹਾ ਲੰਘਹਿ ਜੇਤੁ ॥ਅੰਤਰਿ ਭਾਹਿ ਤਿਸੈ ਤੂ ਰਖੁ ॥ਅਹਿਨਿਸਿ ਦੀਵਾ ਬਲੈ ਅਥਕੁ ॥
ਐਸਾ ਦੀਵਾ ਨੀਰਿ ਤਰਾਇ ॥ਜਿਤੁ ਦੀਵੈ ਸਭ ਸੋਝੀ ਪਾਇ ॥੧॥ਰਹਾਉ॥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- ੮੭੮

ਸਰੋਵਰ ਵਿੱਚ ਦੀਵੇ ਬਾਲ ਕੇ ਤਾਰਨ ਦਾ ਕੋਈ ਲਾਭ ਨਹੀਂ ਜਦੋਂ ਤਕ ਮਨ ਮੰਦਿਰ ਦੇ ਅੰਦਰ ਚਾਨਣ ਨਹੀਂ ਹੁੰਦਾ। ਨੇਕ ਕੰਮ ਕਰੋ। ਪ੍ਰਭੂ ਚੰਗੇ ਕਰਮਾਂ ਦਾ ਫਲ ਜਰੂਰ ਦਿੰਦਾ ਹੈ। ਇਹ ਉਪਦੇਸ਼ ਕਰਦਿਆਂ ਗੁਰੂ ਜੀ ਸਾਥੀਆਂ ਸਮੇਤ ਅੱਗੇ ਤੁਰ ਪਏ।

**ਭੁਜ ਨਗਰ (ਗੁਜਰਾਤ):-** ਗੁਰੂ ਜੀ ਸਾਥਿਆਂ ਸਮੇਤ 120 ਕਿ.ਮੀ. ਚੱਲ ਕੇ **ਦਇਆਪੁਰ, ਮਾਤਾ ਨੌਮਧ, ਨੇਤਰਾ, ਨਖਤਰਾਣਾ, ਵੰਦੇ** ਆਦਿ ਵਿੱਚ ਅਲਾਹੀ ਬਚਣ ਕਰਦਿਆਂ **ਭੁਜ ਨਗਰ** ਵਿੱਚ ਪਹੁੰਚ ਗਏ।



ਇਹ ਸ਼ਹਿਰ 1510 ਈ. ਵਿੱਚ ਰਾਓ ਹਮੀਰ ਨੇ ਵਸਾਇਆ ਸੀ

ਇਹ ਤਾਂਤ੍ਰਿਕ ਲੋਕਾਂ ਦਾ ਕੇਂਦਰ ਸੀ ਜਿਹੜੇ ਕਿ ਅਧਿਆਤਮਿਕ ਜੀਵਨ ਛੱਡ ਕੇ ਬਦ-ਚਲਨੀ ਵਾਲਾ ਜੀਵਨ ਜੀ ਰਹੇ ਸਨ ਅਤੇ ਆਮ ਲੋਕਾਂ ਨੂੰ ਗੁਮਰਾਹ ਕਰ ਰਹੇ ਸਨ।

ਗੁਰੂ ਜੀ ਨੇ ਉਨ੍ਹਾਂ ਲੋਕਾਂ ਨੂੰ ਫਿਟਕਾਰਿਆ ਅਤੇ ਕਿਹਾ, "ਅਪਰਾਧੀ ਜੀਵਨ ਜੀਉਣ ਵਾਲੇ ਮਨੁੱਖ ਕਦੀ ਵੀ ਸਚ ਦੇ ਰਸਤੇ ਦੇ ਮੁਸਾਫਿਰ ਨਹੀਂ ਹੋ ਸਕਦੇ। ਜੇਕਰ ਕੋਈ ਅਸਲ ਵਿੱਚ ਧਾਰਮਿਕ ਬਣਨਾ ਚਾਹੁੰਦਾ ਹੈ ਤਾਂ ਉਸ ਨੂੰ ਪਹਿਲਾਂ ਆਪਣਾ ਮਨ ਜਿੱਤਣਾ ਪਵੇਗਾ। ਮਨ ਤੇ ਜਿੱਤ ਪ੍ਰਾਪਤ ਕਰਨ ਨਾਲ ਸੰਸਾਰ ਵਿੱਚ ਜਿੱਤ ਆਪਣੇ ਆਪ ਹੀ ਹੋ ਜਾਂਦੀ ਹੈ। ਜਦੋਂ ਤੱਕ ਅਸੀਂ ਸ਼ਰਾਰਤੀ ਕੰਮਾਂ ਵਾਲੇ ਪਾਸੇ ਭੱਜਦੇ ਰਹਾਂਗੇ, ਸਾਡੀ ਤ੍ਰਿਸ਼ਨਾ ਵੱਧਦੀ ਜਾਵੇਗੀ, ਜਿਸ ਨਾਲ ਸਾਨੂੰ ਤਕਲੀਫਾਂ ਦੇ ਸਿਵਾਏ ਹੋਰ ਕੁਝ ਪ੍ਰਾਪਤ ਹੋਣ ਵਾਲਾ ਨਹੀਂ। ਪ੍ਰਮਾਤਮਾਂ ਨੂੰ ਮਿਲਣ ਦਾ ਇੱਕੋ ਇੱਕ ਰਸਤਾ ਹੈ ਕਿ ਅਪਣੀ ਤ੍ਰਿਸ਼ਨਾ ਉੱਤੇ ਕਾਬੂ ਪਾਓ। ਅਸਲੀ ਜੀਵਨ ਜਿਉਂਣ ਦਾ ਸਿੱਧਾ ਪੱਧਰਾ ਰਸਤਾ ਦੱਸਦਿਆਂ ਗੁਰੂ ਜੀ ਆਪਣੇ ਅਗਲੇ ਪੜਾ ਜਾ ਪਹੁੰਚੇ।




ਗੁਰਦੁਆਰਾ ਸਾਹਿਬ ਜੀ, ਭੁਜ

**ਭੀਮਾਸਰ (ਗੁਜਰਾਤ):-** ਗੁਰੂ ਜੀ ਸਾਥੀਆਂ ਸਮੇਤ 70 ਕਿ.ਮੀ. ਚੱਲ ਕੇ **ਕੁਕਮਾ, ਵਾਵੜੀ, ਸਪੇਡਾ, ਜਾਰੂ** ਆਦਿ ਨਗਰਾਂ ਵਿੱਚ ਅਲਾਹੀ ਬਚਨ ਕਰਦਿਆਂ ਭੀਮਾਸਰ ਪਹੁੰਚ ਗਏ। ਇਥੇ ਸ਼ਰਧਾਲੂ ਸਰੋਵਰ ਵਿੱਚ ਦੀਵੇ ਜਗਾ ਕੇ ਤਾਰ ਰਹੇ ਸਨ। ਗੁਰੂ ਜੀ ਨੇ ਸਭਨਾਂ ਨੂੰ ਸਮਝਾਇਆ ਕਿ ਦੀਵੇ ਦੇ ਜਗਾਉਂਣ ਨਾਲ ਮਨੁੱਖਾ ਮਨ ਅੰਦਰ ਜਾਨਣ ਨਹੀਂ ਹੋ ਸਕਦਾ ਜਦ ਤੱਕ ਅਸੀਂ ਮਨ ਨੂੰ ਸੋਧ ਕੇ ਗੁਰੂ ਦੀ ਦੀਖਿਆ ਲੈ ਕੇ ਉਸ ਤੇ ਅਮਲ ਨਹੀਂ ਕਰਦੇ।


558 ਬੀ.ਸੀ. ਵਿੱਚ ਸ਼੍ਰੇਣਿਕ ਨਾਮ ਨਾਲ ਵਸਿਆ ਸ਼ਹਿਰ

**ਮਾਂਡਵੀ ਬੰਦਰਗਾਹ (ਗੁਜਰਾਤ):-** ਗੁਰੂ ਜੀ ਸਾਥੀਆਂ ਸਮੇਤ ਭੀਮਾਸਰ ਤੋਂ 110 ਕਿ. ਮੀ. ਚੱਲ ਕੇ **ਸਤਾਪੜ, ਅਨਜਾਰ, ਖੇਡੋਈ, ਵੌਵਰ, ਲੂਨੀ, ਪਰਤਾਪੜ, ਪੀਪਾਰੀ** ਆਦਿ ਥਾਵਾਂ ਤੇ ਅਲਾਹੀ ਬਚਨ ਕਰਦਿਆਂ ਮਾਂਡਵੀ ਪਹੁੰਚ ਗਏ। ਇਥੇ ਆਸ਼ਾਪੂਰਣੀ ਮਾਤਾ ਮੰਦਿਰ ਹੈ। (**ਕੱਛ ਦੀ ਕੁਲ ਦੇਵੀ**) ਮੰਦਿਰ ਦੀ ਪੁਜਾਰਨ ਨੇ ਗੁਰੂ ਜੀ ਪ੍ਰਤੀ ਯਾਤਰੀਆਂ ਕੋਲੋਂ ਬਹੁਤ ਕੁਝ ਸੁਣਿਆ ਹੋਇਆ ਸੀ ਕਿ ਗੁਰੂ ਜੀ ਕਰਮਕਾਂਡਾਂ, ਪਖੰਡਾਂ ਤੋਂ ਦੂਰ ਰਹਿਣ ਲਈ ਜੋਰ ਦਿੰਦੇ ਹਨ।


15ਵੀਂ ਸਦੀ ਵਿੱਚ ਪੁਰਾਤਨ ਨਗਰ ਪ੍ਰਫੁਲਤ ਹੋਇਆ

ਇਹ ਸਾਰਾ ਕੁਝ ਸਮਝ ਕੇ ਉਸ ਪੁਜਾਰਨ ਨੂੰ ਆਪਣੀ ਰੋਟੀ ਰੋਜ਼ੀ ਦੀ ਚਿੰਤਾ ਹੋਣ ਲੱਗੀ, "ਜੇਕਰ ਗੁਰੂ ਜੀ ਇੱਥੇ ਆਏ ਹਨ ਤਾਂ ਉਨ੍ਹਾਂ ਦੇ ਅੱਗੇ ਮੇਰੇ ਤਾਂਤ੍ਰਿਕ ਪਾਖੰਡ ਟਿਕਣ ਵਾਲੇ ਨਹੀਂ। ਇਸ ਲਈ ਇਸ ਤੋਂ ਪਹਿਲਾਂ ਕਿ ਉਹ ਮੇਰੇ ਢੌਂਗ ਦਾ ਭਾਂਡਾ ਭੰਨ ਦੇਣ ਮੈਂ ਆਪ ਹੀ ਉਨ੍ਹਾਂ ਨੂੰ ਬੇਨਤੀ ਕਰਕੇ ਆਪਣੀ ਸੁਖ ਮੰਗਾਂ।" ਇਹ ਵਿਚਾਰ ਕੇ ਉਹ ਗੁਰੂ ਜੀ ਪਾਸ ਆ ਗਈ।

ਉਸ ਵੇਲੇ ਭਾਈ ਮਰਦਾਨਾ ਜੀ ਕੀਰਤਨ ਕਰ ਰਹੇ ਸਨ। ਪੁਜਾਰਨ ਕੀਰਤਨ ਵਿੱਚ ਮਘਨ ਹੋ ਗਈ ਅਤੇ ਉਸ ਦੀ ਸੁਰਤੀ ਇਕਾਗਰ ਹੋ ਗਈ। ਉਸ ਸਮੇਂ ਗੁਰੂ ਜੀ ਇਹ ਅਲਾਹੀ ਸ਼ਬਦ ਅਲਾਪ ਰਹੇ ਸਨ:-

"ਬਿਨੁ ਗੁਰ ਸਬਦ ਨ ਛੂਟਸਿ ਕੋਇ ॥ਪਾਖੰਡਿ ਕੀਨੈ ਮੁਕਤਿ ਨ ਹੋਇ ॥੨॥"

"ਫਲੁ ਪਾਵੈ ਬ੍ਰਤੁ ਆਤਮ ਚੀਨੈ ॥ਪਾਖੰਡਿ ਰਾਚਿ ਤਤੁ ਨਹੀ ਬੀਨੈ॥
ਨਿਰਮਲੁ ਨਿਰਾਹਾਰੁ ਨਿਹਕੇਵਲੁ ॥ਸੂਚੇ ਸਾਚੇ ਨਾ ਲਾਗੈ ਮਲੁ ॥੧੩॥"

"ਕੂੜੈ ਲਾਲਚਿ ਲਪਟੈ ਲਪਟਾਇ ॥ਛੂਟੈ ਗੁਰਮੁਖਿ ਸਾਚੁ ਕਮਾਇ ॥੧੪॥" (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੮੩੯-੪੦)

ਸ਼ਬਦ ਦੀ ਵਿਆਖਿਆ ਕਰਦੇ ਹੋਏ ਗੁਰੂ ਜੀ ਨੇ ਕਿਹਾ, "ਪਖੰਡੀ ਇਨਸਾਨ ਆਉਣ ਜਾਣ ਦੇ ਚੱਕਰ ਵਿੱਚ ਪਿਆ ਰਹਿੰਦਾ ਹੈ। ਉਸ ਦੇ ਕਰਮਾਂ ਦਾ ਫਲ ਉਸ ਨੂੰ ਕਿਸੇ ਨਾ ਕਿਸੇ ਰੂਪ ਵਿੱਚ ਭੋਗਣਾ ਹੀ ਪੈਂਦਾ ਹੈ।

ਇਹ ਸੁਣਕੇ ਕਾਲੀ ਮੰਦਰ ਦੀ ਪੁਜਾਰਨ ਗੁਰੂ ਜੀ ਦੇ ਚਰਣਾਂ ਤੇ ਢਹਿ ਪਈ ਅਤੇ ਬੇਨਤੀ ਕਰਣ ਲੱਗੀ, **"ਮੇਰੀ ਤਾਂ ਰੋਟੀ ਰੋਜ਼ੀ ਦਾ ਸਾਧਨ ਹੀ ਪਖੰਡ ਹੈ,"**

ਗੁਰੂ ਜੀ ਨੇ ਉਸ ਨੂੰ ਭਰੋਸਾ ਦਿੰਦੇ ਹੋਏ ਕਿਹਾ – **"ਜਿਹੜਾ ਮਨੁੱਖ ਸੱਚ ਦੇ ਰਾਹ ਤੇ ਚਲਦਾ ਹੈ, ਪ੍ਰਮਾਤਮਾਂ ਉਸ ਦੇ ਅੰਗ ਸੰਗ ਰਹਿੰਦਾ ਹੈ।"**

ਉਸ ਨੂੰ ਉਪਦੇਸ਼ ਕਰਦਿਆਂ ਗੁਰੂ ਜੀ ਨੇ ਕਿਹਾ, "ਸਰਵ ਸ਼ਕਤੀਮਾਨ ਪ੍ਰਮਾਤਮਾ ਦਾ ਪ੍ਰਚਾਰ ਕਰੋ, ਉਹ ਕਣ ਕਣ ਵਿੱਚ ਸਮਾਇਆ ਹੋਇਆ ਹੈ। ਪ੍ਰਭੂ ਨੂੰ ਖੁਸ਼ ਕਰਨ ਵਾਸਤੇ ਇਹ ਹੀ ਇਕ ਜੁਗਤੀ ਹੈ, **ਆਪ ਜਪੋ ਅਤੇ ਦੂਜਿਆਂ ਨੂੰ ਨਾਮ ਜਪਾਵੋ**"।

ਗੁਰੂ ਜੀ ਨੇ ਉਸ ਨੂੰ ਸਮਝਾਇਆ ਕਿ ਚੰਗੇ ਫਲ ਦੀ ਪ੍ਰਾਪਤੀ ਚੰਗੇ ਕਰਮਾਂ ਨਾਲ ਹੁੰਦੀ ਹੈ। ਤਾਂਤ੍ਰਿਕ ਵਿੱਦਿਆ ਸਿਰਫ ਵਿਕਾਰਾਂ ਨੂੰ ਬੜਾਵਾ ਦਿੰਦੀ ਹੈ। ਅਸਲੀ ਸੁਖ ਤਾਂ ਮਨ ਦੀਆਂ ਬੁਰਾਈਆਂ ਨੂੰ ਖਤਮ ਕਰਕੇ ਪ੍ਰਮਾਤਮਾ ਦੇ ਧਿਆਨ ਵਿੱਚ ਲੀਨ ਹੋ ਜਾਣ ਨਾਲ ਮਿਲਦਾ ਹੈ। ਇਸ ਤਰਾਂ ਉਸ ਨੂੰ ਚੰਗੇ ਅਮਲ ਕਰਨ ਲਈ ਮਨਵਾ ਕੇ ਗੁਰੂ ਜੀ ਕੁਝ ਕੁ ਦਿਨ ਉੱਥੇ ਠਹਿਰ ਕੇ ਅੱਗੇ ਤੁਰ ਪਏ।



ਗੁਰਦੁਆਰਾ ਸਾਹਿਬ, ਮਾਂਡਵੀ

**ਦਵਾਰਕਾ/ਓਖਾ (ਗੁਜਰਾਤ):-** ਗੁਰੂ ਜੀ ਸਾਥੀਆਂ ਸਮੇਤ ਸਮੁੰਦਰੀ ਬੇੜੇ ਤੇ ਸਵਾਰ ਹੋ ਕੇ 60 ਕਿ.ਮੀ. ਦਾ ਸਫਰ ਮੁਕਾ ਕੇ **ਓਖਾ** ਪਹੁੰਚ ਕੇ 30 ਕਿ.ਮੀ. ਹੋਰ ਚੱਲ ਕੇ **ਮਿੱਠਾਪੁਰ, ਸ਼ਿਵਰਾਜਪੁਰ** ਆਦਿ ਥਾਵਾਂ ਵਿੱਚ ਅਲਾਹੀ ਬਚਲ ਕਰਦਿਆਂ ਦਵਾਰਕਾ ਧਾਮ ਪਹੁੰਚ ਗਏ। ਇਹ ਅਸਥਾਨ ਸ੍ਰੀ ਕਿਸ਼ਨ ਜੀ ਦੀ ਰਾਜਧਾਨੀ ਵਜੋਂ ਮੰਨਿਆ ਜਾਂਦਾ ਹੈ। ਕ੍ਰਿਸ਼ਨ ਜੀ ਦਾ ਵਸਾਇਆ ਨਗਰ ਸਮੁੰਦਰ ਵਿੱਚ ਡੁਬ ਗਿਆ ਸੀ। ਮਰਦਾਨੇ ਨੇ ਰਬਾਬ ਛੇੜੀ ਅਤੇ ਗੁਰੂ ਜੀ ਨੇ ਸਰੋਠ/ਬੀਜਾ ਰਾਗ ਵਿੱਚ ਅਲਾਹੀ ਬਾਣੀ ਗਾਇਨ ਕਰਨੀ ਸ਼ੁਰੂ ਕੀਤੀ।



ਦੁਆਪਰ ਯੁਗ ਵਿੱਚ ਵੱਸਿਆ ਸ਼ਹਿਰ

"ਸੋਰਠਿ ਸਦਾ ਸੁਹਾਵਣੀ ਜੇ ਸਚਾ ਮਨਿ ਹੋਇ ॥ ਦੰਦੀ ਮੈਲੁ ਨਾ ਕਤੁ ਮਨਿ ਜੀਭੈ ਸਚਾ ਸੋਇ ॥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ - ੬੪੨

ਅਲਾਹੀ ਕੀਰਤਨ ਸੁਣਨ ਲਈ ਬਹੁਤ ਸਾਰੀ ਸੰਗਤ ਇਕੱਠੀ ਹੋ ਗਈ ਜਿਨ੍ਹਾਂ ਦੇ ਵਿੱਚੋਂ ਕੁਝ ਲੋਕਾਂ ਦੇ ਗਲੇ ਵਿੱਚ ਭਗਵਾਨ ਸ੍ਰੀ ਕ੍ਰਿਸ਼ਨ ਦੀਆਂ ਜੀ ਦੀਆਂ ਮੂਰਤੀਆਂ ਲਟਕ ਰਹੀਆਂ ਸਨ ਅਤੇ ਕੁਝ ਇਕ ਦੇ ਗਲੇ ਵਿੱਚ **ਗੁਰਜ, ਸ਼ੰਖ, ਤ੍ਰਿਸੂਲ, ਸੁਦਰਸ਼ਨ ਚਕਰ** ਆਦਿ ਦੇ ਚਿੰਨ ਧਾਤੂ ਨੂੰ ਗਰਮ ਕਰ ਕੇ ਦਾਗ ਦੇ ਕੇ ਬਣੇ ਹੋਏ ਸਨ।

ਇਸ ਅੰਧਵਿਸ਼ਵਾਸ਼ ਨੂੰ ਦੇਖਕੇ ਗੁਰੂ ਜੀ ਨੇ ਕਿਹਾ,- "ਇਸ ਤਰਾਂ ਦੇ ਨਿਸ਼ਾਨ ਧਾਰਨ ਕਰਨ ਨਾਲ ਪ੍ਰਮਾਤਮਾ ਖੁਸ਼ ਨਹੀਂ ਹੁੰਦਾ। **ਸ੍ਰੀ ਕ੍ਰਿਸ਼ਨ ਜੀ** ਦੀਆਂ ਮੂਰਤੀਆਂ ਗਲੇ ਵਿੱਚ ਲਟਕਾਉਣ ਨਾਲ ਕੋਈ ਭਗਤ ਨਹੀਂ ਬਣ ਜਾਂਦਾ। ਇਹ ਤਾਂ ਕੇਵਲ ਲੋਕ ਦਿਖਾਵਾ ਹੈ।" ਇਹ ਸੁਣ ਕੇ ਸਭ ਲੋਕ ਗੁਰੁਦੇਵ ਜੀ ਦੇ ਸਿਧਾਂਤ ਅਪਨਾਉਣ ਲਈ ਰਾਜ਼ੀ ਹੋ ਗਏ।

ਕੁਝ ਦਿਨ ਉੱਥੇ ਰੁਕਨ ਉਪ੍ਰੰਤ ਗੁਰੂ ਜੀ ਅੱਗੇ ਚੱਲ ਪਏ।



**ਗੁਰਦੁਆਰਾ ਸਾਹਿਬ ਜੀ, ਦਵਾਰਕਾ ਨਗਰੀ** (ਗੁਜਰਾਤ)



**ਪੰਜਾ ਪਿਆਰਿਆਂ ਵਿੱਚੋਂ, ਪਿਆਰੇ ਮੋਕਮ ਸਿੰਘ ਜੀ ਦਾ ਅਸਲ ਘਰ ਜਿਸ ਵਿੱਚ ਗੁਰੂ ਨਾਨਕ ਦੇਵ ਜੀ 1507 ਈਸਵੀ ਵਿੱਚ 7 ਦਿਨ ਠਹਿਰ ਕੇ ਅਲਾਹੀ ਬਚਨ ਕਰਦੇ ਰਹੇ ਸਨ। (ਦਵਾਰਕਾ ਬੇਟ)**



ਜੇਠਵਾ ਰਾਜਪੂਤਾਂ ਵਲੋਂ ਵਸਾਇਆ ਸ਼ਹਿਰ, ਪੋਰਬੰਦਰ

**ਪੋਰਬੰਦਰ/ਸੁਦਾਮਾ ਨਗਰੀ (ਗੁਜਰਾਤ):-** ਗੁਰੂ ਜੀ ਸਾਥਿਆਂ ਸਮੇਤ **110** ਕਿ.ਮੀ. ਚੱਲ ਕੇ **ਗੋਰਿੰਜਾ, ਮਾਧੀ, ਭੋਗਟ, ਵਡਾਲਾ, ਕੰਟੇਲਾ** ਆਦਿ ਨਗਰਾਂ ਵਿੱਚ ਅਲਾਹੀ ਬਚਨ ਕਰਦੇ ਹੋਏ ਪੋਰਬੰਦਰ (ਸੁਦਾਮਾ ਨਗਰੀ) ਪਹੁੰਚ ਕੇ ਅਲਾਹੀ ਕੀਰਤਨ ਕਰਨ ਲਗੇ।

ਇੱਥੇ, ਦੀਵਾਲੀ ਤੋਂ ਬਾਅਦ ਕ੍ਰਿਸ਼ਨ ਜੀ ਦੀਆਂ ਦਿਵਾਲੀ ਵੇਲੇ ਵਰਤੀਆਂ ਹੋਈਆਂ ਮੂਰਤੀਆਂ ਨੂੰ ਨਦੀ ਨਾਲਿਆਂ ਵਿੱਚ ਪਾਣੀ ਉੱਤੇ ਰੱਖ ਦਿੱਤਾ ਜਾਂਦਾ ਹੈ। ਬਹੁਤ ਸਾਰੇ ਲੋਕ ਸਿਰ ਉੱਤੇ ਮੂਰਤੀਆਂ ਚੁੱਕੀ ਆ ਰਹੇ ਸਨ ਅਤੇ ਬ੍ਰਾਹਮਣ ਆਪਣੀ ਰੀਤੀ ਰਵਾਜਾਂ ਨਾਲ ਮੰਤਰ ਪੜਨ ਵਿੱਚ ਜੁੱਟੇ ਹੋਏ ਸਨ। ਗੁਰੂ ਜੀ ਨੇ ਉੱਥੇ ਪਹੁੰਚ ਕੇ ਇਸ ਅਲਾਹੀ ਬਾਣੀ ਦਾ ਕੀਰਤਨ ਆਰੰਭ ਕਰ ਦਿੱਤਾ:-

"ਨਵ ਛਿਅ ਖਟ ਕਾ ਕਰੇ ਬਿਚਾਰੁ ॥ ਨਿਸਿ ਦਿਨ ਉਚਰੈ ਭਾਰ ਅਠਾਰ ॥ ਤਿਨਿ ਭੀ ਅੰਤੁ ਨ ਪਾਇਆ ਤੋਹਿ ॥
ਨਾਮ ਬਿਹੂਣ ਮੁਕਤਿ ਕਿਉ ਹੋਇ ॥ ਨਾਭਿ ਵਸਤ ਬ੍ਰਹਮੈ ਅੰਤੁ ਨ ਜਾਣਿਆ ॥ ਗੁਰਮੁਖਿ ਨਾਨਕ ਨਾਮੁ ਪਛਾਣਿਆ॥ (ਅੰਗ-1237)

ਅਲਾਹੀ ਕੀਰਤਨ ਸੁਣ ਕੇ ਲੋਕੀਂ ਮੂਰਤੀਆਂ ਨੂੰ ਨਦੀ ਨਾਲਿਆਂ ਵਿੱਚ ਛੱਡਣੀਆਂ ਭੁੱਲ ਕੇ ਗੁਰੂ ਜੀ ਦੀ ਸੰਗਤ ਵਿੱਚ ਆ ਬੈਠੇ। ਜਦੋਂ ਬ੍ਰਾਹਮਣਾਂ ਨੇ ਦੇਖਿਆ ਕਿ ਉਹ ਇਕੱਲੇ ਹੀ ਮੰਤਰ ਪੜਨ ਵਿੱਚ ਜੁੱਟੇ ਹੋਏ ਹਨ। ਜਨਤਾ ਕਿਤੇ ਹੋਰ ਜਾ ਬੈਠੀ ਹੈ। ਉਹ ਵੀ ਹੌਲੀ-ਹੌਲੀ ਅਲਾਹੀ ਸ਼ਬਦ ਦੀ ਮਿੱਠੀ ਧੁਨਿ ਸੁਣਕੇ ਖਿੱਚੇ ਚਲੇ ਆਏ। ਉਹ ਆਪਣੇ ਕਰਮਾਂ ਦੇ ਉਲਟ ਅਲਾਹੀ ਬਾਣੀ ਸੁਣਕੇ ਸਾਵਧਾਨ ਹੋ ਕੇ ਸੋਚਣ ਲੱਗ ਪਏ।

ਗੁਰੂ ਜੀ ਨੂੰ ਪੁੱਛਣ ਲੱਗੇ ਕਿ ਤੁਸੀਂ ਸਾਡੇ ਵਿਧੀ ਵਿਧਾਨ ਦਾ ਖੰਡਨ ਕਿਉਂ ਕਰ ਰਹੇ ਹੋ? ਗੁਰੂ ਜੀ ਨੇ ਉਨ੍ਹਾਂ ਨੂੰ ਕਿਹਾ ਕਿ ਇਹ ਤਰੀਕ-ਵਾਰ ਆਦਿ ਸਾਰੇ ਮਨੁਖਾਂ ਦੇ ਆਪਣੇ ਬਣਾਏ ਹੋਏ ਹਨ। ਪ੍ਰੰਤੂ ਕੁਦਰਤ ਦਾ ਆਪਣਾ ਸਿਧਾਂਤ ਹੈ।

ਉਸ ਦੇ ਸਿਧਾਂਤ ਅਨੁਸਾਰ ਸਾਰੇ ਦਿਨ ਬਰਾਬਰ ਹਨ। ਹਰ ਦਿਨ ਇਕੋ ਜਿਹਾ ਸੂਰਜ ਚੜ੍ਹਦਾ ਹੈ ਅਤੇ ਰਾਤ ਪੈਂਦੀ ਹੈ। ਮਨੁੱਖ ਦਾ ਜਨਮ ਮਰਣ ਕਦੀ ਵੀ ਹੋ ਸਕਦਾ ਹੈ। ਅਸਲ ਵਿੱਚ ਪ੍ਰਭੂ ਦੀ ਲੀਲਾ ਵਿੱਚ ਖੁਸ਼ ਰਹਿੰਦਿਆਂ ਸਾਨੂੰ ਨਾਮ ਜਪਦੇ ਹੋਏ ਆਪਣੇ ਹਿਰਦੇ ਦੀ ਮੈਲ ਉਤਾਰਨੀ ਚਾਹੀਦੀ ਹੈ। ਇਸ ਵਿੱਚ ਹੀ ਸਾਡੇ ਸਾਰਿਆਂ ਦਾ ਕਲਿਆਣ ਹੈ। ਇਹ ਸੁਣ ਕੇ ਸਾਰੇ ਪੰਡੇ ਸ਼ਾਂਤ ਹੋ ਗਏ ਅਤੇ ਗੁਰੂ ਉਪਦੇਸ਼ ਅਨੁਸਾਰ ਜੀਵਨ ਜੀਉਣ ਦਾ ਪ੍ਰਣ ਕੀਤਾ। ਤਾਂ ਗੁਰੂ ਜੀ ਉਸ ਅਸਥਾਨ ਤੋਂ ਅੱਗੇ ਤੁਰ ਪਏ।



**ਭਗਤ ਸੁਦਾਮਾ ਜੀ ਦਾ ਮੰਦਿਰ** (ਗੁਜਰਾਤ)



**ਗੁਰਦੁਆਰਾ ਸਾਹਿਬ, ਪੋਰਬੰਦਰ**

**ਜੂਨਾਗੜ (ਗੁਜਰਾਤ):-** ਗੁਰੂ ਜੀ ਸਾਥੀਆਂ ਸਮੇਤ **100** ਕਿ.ਮੀ. ਚੱਲ ਕੇ **ਉਪਲੇਟਾ, ਖਾਰੇਦੀ, ਲੋਧਿਕਾ, ਰਾਵਕੀ, ਠਹਿਰਾਓ,** ਆਦਿ ਵਿੱਚ ਅਲਾਹੀ ਬਚਨ ਕਰਦਿਆਂ ਰਾਜਕੋਟ ਦੀ ਸੰਗਤ ਨਾਲ ਕੁਝ ਦਿਨ ਬਚਨ ਬਿਲਾਸ ਕਰਕੇ 100 ਕਿ.ਮੀ. ਹੋਰ ਚੱਲ ਕੇ **ਰਿਬਡਾ, ਭਰੂੰਦੀ, ਨਗਾਦਕਾ, ਗੋਮਟਾ, ਜੇਤਪੁਰ, ਬਾਦਲ** ਆਦਿ ਨਗਰਾਂ ਵਿੱਚ ਅਲਾਹੀ ਬਚਨ ਕਰਦਿਆਂ ਜੂਨਾਗੜ੍ਹ ਪਹੁੰਚ ਕੇ ਤਿਆਗ ਤੇਸੇਵਾ ਸਿਮਰਨ ਦੀ ਮਹੱਤਤਾ ਪਰਪੱਕ ਕਰਾਉਂਦਿਆਂ, ਗੁਰੂ ਜੀ ਨੇ ਇਹ ਅਲਾਹੀ ਸ਼ਬਦ ਉਚਾਰਿਆ:-



**ਚੰਦਰਗੁਪਤ ਮੋਰੀਆ ਸਮੇਂ 319 ਬੀ.ਸੀ. ਵਿੱਚ ਵਸਿਆ ਸ਼ਹਿਰ**

"ਗੁਰਮਤਿ ਕ੍ਰਿਸਨਿ ਗੋਵਰਧਨ ਧਾਰੇ ॥ਗੁਰਮਤਿ ਸਾਇਰਿ ਪਾਹਣ ਤਾਰੇ ॥ਗੁਰਮਤਿ ਲੇਹੁ ਪਰਮ ਪਦੁ ਪਾਈਐ ਨਾਨਕ ਗੁਰਿ ਭਰਮੁ ਚੁਕਾਇਆ ॥" ਅੰਗ- ੧੦੪੧

ਇਹ ਅਲਾਹੀ ਸ਼ਬਦ ਸੁਣ ਕੇ ਸਭਨਾਂ ਨੇ ਇਸ ਉਪਦੇਸ਼ ਅਨੁਸਾਰ ਜੀਵਨ ਆਰੰਭ ਕਰ ਦਿੱਤਾ।

ਗੁਰਦੇਵ ਜੀ ਉੱਥੋਂ ਗਿਰਨਾਰ ਪ੍ਰਬੱਤ ਵੱਲ ਚੱਲ ਪਏ।





**ਗੁਰੂ ਨਾਨਕ ਗੁਰਦੁਆਰਾ ਸਾਹਿਬ ਜੀ, ਜੂਨਾਗੜ** (ਗੁਜਰਾਤ)

**ਗਿਰਨਾਰ ਪਰਬਤ (ਗੁਜਰਾਤ) :-** ਗੁਰੂ ਜੀ ਸਾਥਿਆਂ ਸਮੇਤ ਜੂਨਾਗੜ੍ਹ ਤੋਂ 6 ਕਿ.ਮੀ. ਚੱਲ ਕੇ ਗਿਰਨਾਰ ਪਰਬਤ ਉੱਪਰ ਚੜ੍ਹ ਗਏ। ਉਪਰ ਬੈਠ ਕੇ ਅਲਾਹੀ ਕੀਰਤਨ ਆਰੰਭ ਦਿੱਤਾ। ਇਸ ਕੀਰਤਨ ਵਿੱਚ ਇਤਨੀ ਖਿੱਚ ਸੀ ਕਿ ਉਥੇ ਰਹਿੰਦੇ ਸਾਰੇ ਸਨਿਆਸੀ ਗੁਰੂ ਜੀ ਦੇ ਕੋਲ ਆ ਬੈਠੇ। ਗੁਰੂ ਜੀ ਉਸ ਸਮੇਂ ਇਸ ਸ਼ਬਦ ਦਾ ਗਾਇਨ ਕਰ ਰਹੇ ਸਨ।

"ਕਾਇਆ ਮਹਲੁ ਮੰਦਰੁ ਘਰੁ ਹਰਿ ਕਾ ਤਿਸੁ ਮਹਿ ਰਾਖੀ ਜੋਤਿ ਅਪਾਰ ॥
ਨਾਨਕ ਗੁਰਮੁਖਿ ਮਹਲਿ ਬੁਲਾਈਐ ਹਰਿ ਮੇਲੇ ਮੇਲਣਹਾਰ॥੪॥੫॥" (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- ੧੨੫੬)

ਸੰਨਿਆਸੀਆਂ ਦੇ ਪੁਛਣ ਤੇ ਗੁਰੂ ਜੀ ਨੇ **ਗ੍ਰਿਸਤ ਮਾਰਗ ਹੀ ਸਭ ਤੋਂ ਉੱਤਮ ਮਾਰਗ ਦਸਿਆ।** ਗ੍ਰਿਸਤੀ ਜੀਵਨ ਜਿਉਂਦਿਆਂ ਸੰਸਾਰੀ ਮਾਇਆ ਨੂੰ ਦਾਸੀ ਬਣਾ ਕੇ ਪ੍ਰਮਾਤਮਾ ਨਾਲ ਨੇੜਤਾ ਵਧਾਈ ਜਾ ਸਕਦੀ ਹੈ। ਗ੍ਰਿਸਤੀ ਜੀਵਨ ਵਿੱਚ ਹੀ ਪ੍ਰਭੂ ਪ੍ਰਾਪਤੀ ਹੋ ਸਕਦੀ ਹੈ। ਜੇਕਰ ਸਨਿਆਸ ਵਿੱਚ ਪ੍ਰਵੇਸ਼ ਕਰਕੇ ਵੀ ਮੰਨ ਮਾਇਆ ਵਿੱਚ ਗਰੱਸਿਆ ਰਹੇ ਤਾਂ ਉਸ ਸਨਿਆਸ ਦਾ ਕੋਈ ਲਾਭ ਨਹੀਂ ਹੁੰਦਾ।



11ਵੀਂ ਸਦੀ ਦਾ ਭਵਨਾਥ ਮਹਾਦੇਵ ਮੰਦਿਰ, ਗਿਰਨਾਰ ਪਰਬਤ

ਸੰਨਿਆਸੀ:- "ਗ੍ਰਿਸਤੀ ਜੀਵਨ ਵਿੱਚ ਇਹ ਕਿਸ ਤਰ੍ਹਾਂ ਸੰਭਵ ਹੋ ਸਕਦਾ ਹੈ ਕਿ ਇਨਸਾਨ ਮਨ ਤੋਂ ਮਾਇਆ ਦਾ ਤਿਆਗੀ ਹੋ ਜਾਵੇ। ਘਰ ਦੀ ਇਸਤਰੀ ਵੀ ਤਰ੍ਹਾਂ ਮਾਇਆ ਦਾ ਇਕ ਰੂਪ ਹੈ।"

ਗੁਰੂ ਜੀ , "ਗ੍ਰਿਸਤੀ ਜੀਵਨ ਵਿੱਚ ਰਹਿ ਕੇ ਉਦਾਸੀਆਂ ਵਾਲਾ ਜੀਵਨ ਜੀਆ ਜਾ ਸਕਦਾ ਹੈ। ਜਿਸ ਤਰ੍ਹਾਂ ਕਮਲ ਦਾ ਫੁੱਲ ਪਾਣੀ ਵਿੱਚ ਪੈਦਾ ਹੁੰਦੇ ਹੋਏ ਵੀ ਪਾਣੀ ਵਿੱਚ ਡੁਬਦਾ ਨਹੀਂ ਅਤੇ ਮੁਰਗਾਬੀ ਪਾਣੀ ਉੱਪਰ ਤੈਰਦੀ ਹੋਈ ਵੀ ਆਪਣੇ ਪੰਖ ਨਹੀਂ ਭਿਜਨ ਦੇਂਦੀ। ਇਸ ਪ੍ਰਥਾਏ ਗੁਰੂ ਜੀ ਨੇ ਇਹ ਅਲਾਹੀ ਫੁਰਮਾਨ ਅਲਾਪਿਆ।

"ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ॥ ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥
ਰਹਹਿ ਇਕਾਂਤਿ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ॥ ਅਗਮੁ ਅਗੋਚਰੁ ਦੇਖਿ ਦੇਖਾਏ ਨਾਨਕੁ ਤਾ ਕਾ ਦਾਸੋ ॥੫॥" ਅੰਗ-੯੩੮

ਇਹ ਅਲਾਹੀ ਸ਼ਬਦ ਸੁਣ ਕੇ ਸਾਰੇ ਸਨਿਆਸੀ ਸ਼ਾਂਤ ਹੋ ਗਏ, ਕੁਝ ਇਕ ਤਾਂ ਗ੍ਰਿਸਤੀ ਜੀਵਨ ਵਿੱਚ ਪ੍ਰਵੇਸ਼ ਕਰ ਗਏ। ਕੁਝ ਦਿਨ ਉੱਥੇ ਠਹਿਰਨ ਉਪ੍ਰੰਤ ਗੁਰੂ ਜੀ ਆਪਣੇ ਰਾਹ ਪੈ ਗਏ।

**ਸੋਮਨਾਥ (ਗੁਜਰਾਤ):-** ਗੁਰੂ ਜੀ **130** ਕਿ. ਮੀ. ਚਲਦੇ ਹੋਏ ਰਾਹ ਵਿੱਚ **ਕੇਸ਼ੋਡ, ਮਨਾਰਲ, ਚੋਰਵਾਰੜ, ਤਲੇਲਾ** ਆਦਿ ਨਗਰਾਂ ਵਿੱਚ ਅਲਾਹੀ ਬਚਨ ਕਰਦੇ ਹੋਏ **ਸੋਮਨਾਥ ਮੰਦਰ ਦੇ ਖੰਡਰਾਂ** ਨੇੜੇ ਜਾ ਆਸਨ ਲਾਇਆ। ਪੁਜਾਰੀਆਂ ਕੋਲੋਂ, ਮਹਿਮੂਦ ਗਜ਼ਨਵੀ ਵਲੋਂ ਸੋਮਨਾਥ ਮੰਦਿਰ ਦੀ ਤਬਾਹੀ ਤੇ ਲੁੱਟ ਦੀ ਗਾਥਾ ਸੁਣ ਕੇ ਗੁਰੂ ਜੀ ਨੇ ਇਹ ਅਲਾਹੀ ਸ਼ਬਦ ਉਚਾਰਨ ਕੀਤਾ।



ਕਪਿਲਾ, ਹੀਰਨ ਤੇ ਸਰਸਵਤੀ ਨਦੀਆਂ ਦਾ ਸੰਗਮ 1026 ਵਿੱਚ ਵਸਿਆ।

"ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥ ਨਾਨਕ ਅਵਰੁ ਨ ਜੀਵੈ ਕੋਇ ॥ ਜੇ ਜੀਵੈ ਪਤਿ ਲਥੀ ਜਾਇ ॥
ਸਭੁ ਹਰਾਮੁ ਜੇਤਾ ਕਿਛੁ ਖਾਇ ॥ ਰਾਜਿ ਰੰਗੁ ਮਾਲਿ ਰੰਗੁ ॥ ਰੰਗਿ ਰਤਾ ਨਚੈ ਨੰਗੁ ॥ ਨਾਨਕ ਠਗਿਆ ਮੁਠਾ ਜਾਇ ॥
ਵਿਣੁ ਨਾਵੈ ਪਤਿ ਗਇਆ ਗਵਾਇ ॥੧॥" (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੧੪੨)

ਗੁਰੂ ਜੀ ਨੇ ਕਿਹਾ, "ਤੁਹਾਡੇ ਵੱਡੇ ਵਡੇਰਿਆਂ ਨੇ ਅਧਿਆਤਮਿਕ ਉਨਤੀ ਲਈ ਇਹ ਮੰਦਿਰ ਬਣਵਾਇਆ ਸੀ। ਪ੍ਰੰਤੂ ਉਹ ਆਪ ਧਨ ਦੌਲਤ ਐਸ਼-ਆਰਾਮ ਦੇ ਚੱਕਰ ਵਿੱਚ ਰਜਵਾੜਿਆਂ ਵਾਲਾ ਜੀਵਨ ਬਤੀਤ ਕਰਨ ਲੱਗੇ, ਉਨ੍ਹਾਂ ਦੀ ਆਤਮਾ ਮਰ ਗਈ। ਮਰੀ ਹੋਈ ਆਤਮਾ ਨੂੰ ਭੋਗ ਵਿਲਾਸ ਦੇ ਸਿਵਾਏ ਹੋਰ ਕੁਝ ਨਹੀਂ ਸੁਝਦਾ। ਉਹ **ਆਪਣਾ ਨਿੱਜੀ ਮਹੱਤਵ, ਮਾਨ-ਸੰਮਾਨ; (ਇਜ਼ੱਤ, ਆਬਰੂ) ਸਾਰੇ ਦੈਵੀ ਗੁਣ ਹੌਲੀ-ਹੌਲੀ ਭੁੱਲ ਗਏ। ਇਹ ਖੰਡਰ ਉਨ੍ਹਾਂ ਦੇ ਚਰਿੱਤਰ ਦੀ ਮੂੰਹ ਬੋਲਦੀ ਤਸਵੀਰ ਹੈ।"** ਇਹ ਉਪਦੇਸ਼ ਸੁਣ ਕੇ ਪੁਜਾਰੀ ਲੋਕ ਸ਼ਾਂਤ ਹੋ ਕੇ ਪਸ਼ਚਾਤਾਪ ਕਰਨ ਲੱਗੇ।

ਕੁੱਝ ਸਮਾਂ ਉੱਥੇ ਰੁਕਨ ਉਪ੍ਰੰਤ ਗੁਰਦੇਵ ਜੀ ਅੱਗੇ ਤੁਰ ਪਏ।



**ਗੁਰਦੁਆਰਾ ਸਾਹਿਬ ਜੀ ਨਾਨਕ ਧਾਮ, ਸੋਮਨਾਥ (ਗੁਜਰਾਤ)**



**ਸੋਮਨਾਥ ਜੋਤਿਰਲਿੰਗਾ ਮੰਦਿਰ (ਗੁਜਰਾਤ)**

**ਨੋਟ:- ਸੋਮਨਾਥ ਮੰਦਿਰ ਸੰਸਾਰ ਵਿੱਚ ਸਭ ਤੋਂ ਅਮੀਰ ਮੰਦਿਰ ਹੈ। ਗਜ਼ਨਵੀ ਨੇ ਇਸ ਮੰਦਿਰ ਨੂੰ 17 ਵਾਰ ਲੁਟਿਆ। ਇਹ ਮੰਦਿਰ ਪਹਿਲਾਂ ਸੋਨੇ ਦਾ ਫਿਰ ਰਾਵਣ ਨੇ ਚਾਂਦੀ ਦਾ ਅਤੇ ਫਿਰ ਕ੍ਰਿਸ਼ਨਾ ਨੇ ਲਕੜੀ ਦਾ ਅਤੇ ਬੀਮਦੇਵ ਪੱਥਰ ਦਾ ਬਨਵਾਇਆ।**

**ਪਾਲੀਟਾਣਾ ਨਗਰ (ਗੁਜਰਾਤ) :-** ਗੁਰੂ ਜੀ ਸਾਥਿਆਂ ਸਮੇਤ ਸੋਮਨਾਥ ਮੰਦਿਰ ਤੋਂ ਚਲ ਕੇ **ਸਾਸਨਗੀਰ, ਵੌਸਵਾਧਰ, ਬਾਗੇਸਰਾਂ, ਅਮਰੇਲੀ ਆਦਿ ਨਗਰਾਂ** ਵਿੱਚ ਅਲਾਹੀ ਬਚਨ ਕਰਦੇ ਹੋਏ 220 ਕਿ.ਮੀ. ਦਾ ਸਫਰ ਕਰਦੇ ਹੋਏ ਗੁਜਰਾਤ ਦੇ ਨਗਰ ਪਾਲੀਟਾਣਾ ਪਹੁੰਚ ਗਏ। ਇਥੇ ਜੈਨ ਮੱਤ ਦਾ ਇਕ ਪ੍ਰਸਿਧ ਮੰਦਿਰ ਹੈ। ਉਨ੍ਹੀਂ ਦਿਨੀਂ 'ਅਨਭੀ' ਨਾ ਦਾ ਇਕ ਜੈਨੀ ਸਾਧੂ ਉੱਥੋਂ ਦਾ ਮੁੱਖੀ ਸੀ। ਗੁਰੂ ਜੀ ਨੇ ਇਸ ਅਲਾਹੀ ਸ਼ਬਦ ਦਾ ਕੀਰਤਨ ਆਰੰਭ ਕਰ ਦਿੱਤਾ।



**11ਵੀਂ ਸਦੀ ਵਿੱਚ ਕੁਮਾਰਪਾਲ ਸੋਲੰਕੀ ਦਾ ਵਸਾਇਆ ਸ਼ਹਿਰ**

"ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ ॥ ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ॥ ਖਾਣਾ ਪੀਣਾ ਹੈ ਦਿਤੋਨੁ ਰਿਜਕੁ ਸੰਬਾਹਿ ॥ ਨਾਨਕ ਜਿਨੀ ਗੁਰਮੁਖਿ ਬੁਝਿਆ ਤਿਨਾਂ ਸੂਤਕੁ ਨਾਹਿ॥੩॥

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- ੪੭੨

ਕੀਰਤਨ ਦੀ ਸਮਾਪਤੀ ਉਪ੍ਰੰਤ ਗੁਰੂ ਜੀ ਨੇ ਦੱਸਿਆ ਕਿ ਹਰ ਮਨੁੱਖ ਦਾ ਜਨਮ-ਮਰਣ ਹੁੰਦਾ ਹੈ। ਸੂਤਕ ਦਾ ਭਰਮ ਵਿਅਰਥ ਹੈ। ਸਾਰਾ ਖਾਣਾ ਪੀਣਾ ਪਵਿੱਤਰ ਹੁੰਦਾ ਹੈ। ਪ੍ਰਭੂ, ਕਿਸੇ ਨਾ ਕਿਸੇ ਰੂਪ ਵਿੱਚ ਸਾਰਿਆਂ ਨੂੰ ਰਿਜਕ ਦਿੰਦਾ ਹੈ।

ਇਹ ਸੁਣ ਕੇ ਉੱਥੋਂ ਦੇ ਲੋਗ ਕਹਿਣ ਲੱਗੇ, "ਸਾਨੂੰ ਤਾਂ ਸਾਡਾ ਮੁੱਖ ਪੁਜਾਰੀ, ਅਨਭੀ ਇਸ ਦੇ ਉਲਟ ਸਮਝਾਉਂਦਾ ਹੈ"। ਇਹ ਗੱਲ ਸੁਣ ਕੇ ਅਨਭੀ ਗੁਰੂ ਜੀ ਨਾਲ ਵਿਚਾਰ ਵਟਾਂਦਰਾ ਕਰਨ ਆ ਬੈਠਾ ਅਤੇ ਕਹਿਣ ਲੱਗਾ, "ਸਾਡਾ ਮੁੱਖ ਉਦੇਸ਼ ਜੀਵ ਹੱਤਿਆ ਦੇ ਪਾਪਾਂ ਤੋਂ ਬਚਣਾ ਹੈ"।

ਗੁਰੂ ਜੀ, "ਮੈਨੂੰ ਲੱਗਦਾ ਹੈ ਕਿ ਤੁਸੀਂ ਦਿਨ-ਰਾਤ ਹੱਤਿਆ ਕਰਦੇ ਰਹਿੰਦੇ ਹੋ ਕਿਉਂਕਿ ਅਨਾਜ ਦੇ ਦਾਂਨਿਆਂ ਵਿੱਚ ਵੀ ਜੀਵਨ ਹੈ।" ਫਿਰ ਆਪ ਜੀ ਨੇ ਇਹ ਅਲਾਹੀ ਫੁਰਮਾਣ ਸੁਣਾਇਆ:-

"ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ ॥ ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਈ॥ ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥ ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥" ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ ॥ ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ ॥"

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੪੭੨)

ਗੁਰੂ ਜੀ ਨੇ ਕਿਹਾ, "ਕਿਸੇ ਨੂੰ ਵੀ ਭਰਮ ਵਿੱਚ ਡੁੱਬ ਕੇ ਵਿਅਰਥ ਤੇ ਅਸਮਾਜਿਕ ਜੀਵਨ ਨਹੀਂ ਜਿਉਂਣਾ ਚਾਹੀਦਾ। ਇਨ੍ਹਾਂ ਹਾਲਤਾਂ ਵਿੱਚ ਆਪਣੇ ਸ੍ਰੀਰ ਨੂੰ ਦੁੱਖ ਦੇਣ ਤੋਂ ਸਿਵਾਏ ਹੋਰ ਕੁਝ ਪ੍ਰਾਪਤ ਨਹੀਂ ਹੁੰਦਾ। ਇਸ ਲਈ **ਵਿਗਿਆਨਿਕ ਨਿਯਮਾਂ ਅਨੁਸਾਰ ਜੀਵਨ ਜਿਊਣਾ ਚਾਹੀਦਾ ਹੈ।"**

ਲੋਕ ਕਹਿਣ ਲੱਗੇ, "ਇਹ ਅਨਭੀ ਸਾਧੂ ਤਾਂ ਸਾਨੂੰ ਮਾੜੇ ਰਸਤੇ ਵੱਲ ਲਿਜਾਂਦਾ ਰਹਿੰਦਾ ਹੈ, ਨਾ ਆਪ ਪਵਿੱਤਰ ਰਹਿੰਦਾ ਹੈ ਅਤੇ ਨਾ ਹੀ ਸਾਨੂੰ ਚੰਗਾ ਜੀਵਨ ਜਿਊਣ ਦੀ ਸਿੱਖਿਆ ਦਿੰਦਾ ਹੈ।"

ਗੁਰੂ ਜੀ ਨੇ ਕਿਹਾ, "ਇਨ੍ਹਾਂ ਪਖੰਡੀ ਸਾਧੂਆਂ ਦਾ ਪਰਿਵਾਰ ਇਨ੍ਹਾਂ ਨੂੰ **'ਨਿਖੱਟੂ'** ਹੋਣ ਦੇ ਕਾਰਨ ਰੋਂਦਾ ਕੁਰਲਾਉਂਦਾ ਰਹਿੰਦਾ ਹੈ। ਇਹ ਲੋਗ ਜੂਠ, ਮੰਗ-ਮੰਗ ਕੇ ਖਾਂਦੇ ਹਨ ਅਤੇ ਗੰਦਗੀ ਨੂੰ ਖਿਲਾਰ-ਖਿਲਾਰ ਵੇਖਦੇ ਰਹਿੰਦੇ ਹਨ ਕਿ ਕਿਤੇ ਕੋਈ ਕੀੜੇ ਮਕੌੜੇ ਨਾ ਪੈਦਾ ਹੋ ਜਾਣ ਅਤੇ ਉਸ ਦੀ ਬਦਬੂ ਸੁੰਘਦੇ ਰਹਿੰਦੇ ਹਨ ਜਿਸ ਵਿੱਚ ਅਨੇਕਾਂ ਜੀਵਾਣੂ ਹੁੰਦੇ ਹਨ। **ਇਹਨਾਂ ਦਾ ਜੀਵਨ, ਮਨੁੱਖੀ ਸਮਾਜ ਉੱਪਰ ਕਲੰਕ ਹੈ।"** ਗੁਰੂ ਜੀ ਫਿਰ ਇਹ ਅਲਾਹੀ ਫੁਰਮਾਨ ਅਲਾਪਦੇ ਹਨ:-

"ਸਿਰੁ ਖੋਹਾਇ ਪੀਅਹਿ ਮਲ ਵਾਣੀ ਜੂਠਾ ਮੰਗਿ ਮੰਗਿ ਖਾਹੀ ॥ ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ ॥
ਭੇਡਾ ਵਾਗੀ ਸਿਰੁ ਖੋਹਾਇਨਿ ਭਰੀਅਨਿ ਹਥ ਸੁਆਹੀ ॥ ਮਾਊ ਪੀਊ ਕਿਰਤੁ ਗਵਾਇਨਿ ਟਬਰ ਰੋਵਨਿ ਧਾਹੀ ॥
ਓਨਾ ਪਿੰਡੁ ਨ ਪਤਲਿ ਕਿਰਿਆ ਨ ਦੀਵਾ ਮੁਏ ਕਿਥਾਊ ਪਾਹੀ॥ ਅਠਸਠਿ ਤੀਰਥ ਦੇਨਿ ਨ ਢੋਈ ਬ੍ਰਹਮਣ ਅੰਨੁ ਨ ਖਾਹੀ ॥
ਸਦਾ ਕੁਚੀਲ ਰਹਹਿ ਦਿਨੁ ਰਾਤੀ ਮਥੈ ਟਿਕੇ ਨਾਹੀ ॥ ਝੁੰਡੀ ਪਾਇ ਬਹਨਿ ਨਿਤਿ ਮਰਣੈ ਦੜਿ ਦੀਬਾਣਿ ਨ ਜਾਹੀ ॥
ਲਕੀ ਕਾਸੇ ਹਥੀ ਫੁੰਮਣ ਅਗੋ ਪਿਛੀ ਜਾਹੀ ॥ ਨਾ ਓਇ ਜੋਗੀ ਨਾ ਓਇ ਜੰਗਮ ਨਾ ਓਇ ਕਾਜੀ ਮੁੰਲਾ ॥" ਅੰਗ-੧੪੯)

ਸਾਧੂ ਅਨਭੀ, ਨਿਰਉਤਰ ਹੋ ਕੇ ਗੁਰੂ ਜੀ ਦੇ ਚਰਨਾਂ ਤੇ ਢਹਿ ਪਿਆ। ਮਾਰਗ ਦਰਸ਼ਨ ਕਰਨ ਲਈ ਬੇਨਤੀ ਕਰਨ ਲੱਗਾ। ਗੁਰੂ ਜੀ ਨੇ ਕਿਹਾ, **"ਕਿਸੇ ਨੂੰ ਨੁਕਸਾਨ ਨਾ ਪਹੁੰਚਾਉ, ਮਾੜਾ ਵਰਤਾਵ ਨਾ ਕਰੋ, ਕਿਸੇ ਨੂੰ ਕੌੜੇ ਬੋਲ ਨਾ ਬੋਲੋ, ਇਹੀ ਮਨ ਦੀ ਸ਼ਾਂਤੀ ਹੈ।** ਗੁਰੂ ਜੀ ਕੁਝ ਸਮਾਂ ਉਥੇ ਰਹਿ ਕੇ ਅੱਗੇ ਤੁਰ ਪਏ।

**ਭਾਵਨਗਰ (ਗੁਜਰਾਤ):-** ਗੁਰੂ ਜੀ ਸਾਥੀਆਂ ਸਮੇਤ **ਸੋਨਗੜ੍ਹ, ਸਿਕੋਰ, ਵਰਤੇਜ** ਆਦਿ ਨਗਰਾਂ ਵਿੱਚ ਅਲਾਹੀ ਬਚਨ ਕਰਦੇ ਹੋਏ 60 ਕਿ. ਮੀ. ਚਲ ਕੇ ਭਾਵਨਗਰ ਪਹੁੰਚ ਕੇ ਅਲਾਹੀ ਕੀਰਤਨ ਕਰਨ ਬੈਠ ਗਏ। ਸਾਰੇ ਯਾਤਰੀ ਅਲਾਹੀ ਕੀਰਤਨ ਵਿੱਚ ਮਗਨ ਹੋ ਗਏ। ਸਮਾਪਤੀ ਤੇ ਸ਼ਰਧਾਲੂ, ਆਤਮਾ-ਪ੍ਰਮਾਤਮਾ ਬਾਰੇ ਗੁਰੂ ਜੀ ਨੂੰ ਪੁੱਛਣ ਲੱਗੇ। ਗੁਰੂ ਜੀ ਨੇ ਇਹ ਅਲਾਹੀ ਸ਼ਬਦ ਉਨ੍ਹਾਂ ਦੀ ਤਸਲੀ ਵਾਸਤੇ ਅਲਾਪਿਆ:-




**1723-24 ਈ. ਵਿੱਚ ਮਹਾਂਰਾਜਾ ਭਾਵ ਸਿੰਘ ਨੇ ਪਹਿਲਾਂ ਵੱਸੇ ਸ਼ਹਿਰ ਨੂੰ ਰਾਜਧਾਨੀ ਬਣਾਈਆ।**

**"ਮਹਲ ਮਹਿ ਬੈਠੇ ਅਗਮ ਅਪਾਰ॥ ਭੀਤਰਿ ਅੰਮ੍ਰਿਤੁ ਸੋਈ ਜਨੁ ਪਾਵੈ ਜਿਸੁ ਗੁਰ ਕਾ ਸਬਦੁ ਰਤਨੁ ਆਚਾਰ॥"** (ਅੰਗ- 1255)

ਭਾਵ ਅਰਥ ਵਾਚ ਕੇ ਸਾਰੇ ਸ਼ਰਧਾਲੂ ਬੋਲ ਉੱਠੇ, "ਹੇ ਗੁਰੁਦੇਵ ਜੀ! ਤੁਹਾਡੇ ਬਚਨਾਂ ਅਨੁਸਾਰ ਤਾਂ ਸਾਡੇ ਅੰਦਰ ਹੀ ਪ੍ਰਮਾਤਮਾ ਵੱਸਦਾ ਹੈ, ਸਾਡਾ ਸਰੀਰ ਹੀ ਪ੍ਰਭੂ ਦਾ ਮੰਦਿਰ ਹੈ, ਜਿਸ ਨੂੰ ਮਿਲਣ ਦੀ ਯੁਕਤੀ ਪੂਰਣ ਗੁਰੂ ਕੋਲੋਂ ਮਿਲਦੀ ਹੈ। ਇਸ ਦਾ ਮਤਲਬ ਇਹ ਹੋਇਆ ਕਿ ਇਨ੍ਹਾਂ ਮੰਦਰਾਂ ਵਿੱਚ ਆ ਕੇ। ਪੱਥਰ ਦੀਆਂ ਮੂਰਤੀਆਂ ਨੂੰ ਭਗਵਾਨ ਮੰਨਣਾ ਵਿਅਰਥ ਹੈ।"

ਗੁਰੂ ਜੀ ਨੇ ਕਿਹਾ, "ਤੁਹਾਡੀ ਭਾਵਨਾ ਜੇਕਰ ਪ੍ਰਭੂ ਨੂੰ ਮਿਲਣ ਲਈ ਤਰਸਦੀ ਹੈ ਤਾਂ ਸਮਝੋ ਕਿ ਤੀਰਥ ਅਸਥਾਨ ਤੇ ਆਉਣਾ ਸਫਲ ਹੋਇਆ। ਗ੍ਰਿਸਤੀ ਜੀਵਨ ਵਿੱਚ ਰਹਿ ਕੇ ਜਿਸ ਨੇ ਆਪਣਾ ਮਨ ਕਾਬੂ ਕਰ ਲਿਆ ਉਹ ਹੌਲੀ -ਹੌਲੀ ਅਭਿਆਸ ਕਰਨ ਨਾਲ ਆਪਣੇ ਹਿਰਦੇ ਰੂਪੀ ਮੰਦਰ ਵਿੱਚੋਂ ਦਿਵਯ-ਜੋਤਿ ਦੇ ਦਰਸ਼ਨ ਕਰ ਸਕਦਾ ਹੈ।" ਇਸ ਤਰਾਂ ਸਾਰੀ ਸੰਗਤ ਸੰਤੁਸ਼ਟ ਹੋ ਗਈ। ਗੁਰੂ ਜੀ ਕੁਝ ਸਮਾਂ ਉਥੇ ਠਹਿਰ ਕੇ ਅੱਗੇ ਤੁਰ ਪਏ।



**ਗੁਰਦੁਆਰਾ ਭਾਵਨਗਰ (ਗੁਜਰਾਤ)**

**ਅਹਿਮਦਾਬਾਦ/ਸਾਬਰਮਤੀ (ਗੁਜਰਾਤ):-** ਗੁਰੂ ਜੀ ਸਾਥਿਆਂ ਸਮੇਤ ਭਾਵਨਗਰ ਤੋਂ 150 ਕਿ. ਮੀ. ਚੱਲ ਕੇ **ਮੋਨਪੁਰ, ਪਾਟਨਾ, ਅਕਰੂ, ਝਾਖਨ, ਕਾਰੋਲ, ਖਾਰਵਾ, ਮੇਮਕਾ** ਆਦਿ ਵਿੱਚ ਅਲਾਹੀ ਬਚਨ ਕਰਦਿਆਂ **ਸੁਰਿੰਦਰ ਨਗਰ** ਦੇ ਵਾਸੀਆਂ ਨੂੰ ਇਕ ਪ੍ਰਭੂ ਨਾਲ ਜੋੜਿਆ ਅਤੇ 130 ਕਿ. ਮੀ. ਚੱਲ ਕੇ **ਖਾਜੇਲੀ, ਤਵੀ, ਰਾਣਾਗੜ, ਨਾਲਸਰੋਵਰ, ਅਦਰੋਦਾ, ਬਾਵਲਾ, ਕਾਸਿੰਦਰਾ** ਆਦਿ ਨਗਰਾਂ ਵਿੱਚ ਅਲਾਹੀ ਬਚਨ ਕਰਦਿਆਂ ਅਹਿਮਦਾਬਾਦ ਪਹੁੰਚ ਕੇ ਅਗਲੀ ਸਵੇਰ ਇਸ ਅਲਾਹੀ ਸ਼ਬਦ ਦਾ ਕੀਰਤਨ ਆਰੰਭ ਕਰ ਦਿੱਤਾ।



**1411 ਈ. ਵਿੱਚ ਸੁਲਤਾਨ ਅਹਿਮਦਸ਼ਾਹ ਦਾ ਵਸਾਇਆ ਸ਼ਹਿਰ**


**"ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ ਕਰਿ ਕਰਣੀ ਕਸੁ ਪਾਈਐ॥ ਭਾਠੀ ਭਵਨੁ ਪ੍ਰੇਮ ਕਾ ਪੋਚਾ ਇਤੁ ਰਸਿ ਅਮਿਉ ਚੁਆਈਐ॥"** (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ- 360)

ਉਸ ਘਾਟ ਉੱਤੇ ਇਸ਼ਨਾਨ ਕਰਨ ਆਏ ਲੋਕ ਕੀਰਤਨ ਦਾ ਆਨੰਦ ਮਾਨਣ ਲਈ ਬੈਠ ਗਏ।

ਅਲਾਹੀ ਕੀਰਤਨ ਦੀ ਸਮਾਪਤੀ ਤੇ ਸਰੋਤਿਆਂ ਨੇ ਗੁਰੂ ਜੀ ਨੂੰ ਨਾਮ ਸਿਮਰਨ ਦੇ ਅਭਿਆਸ ਬਾਰੇ ਪੁਛਿਆ।

ਗੁਰੂ ਜੀ ਨੇ ਕਿਹਾ, "ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਕਿਸੇ ਸ਼ਾਂਤ ਮਈ ਥਾਂ ਤੇ ਆਸਨ ਲਗਾ ਕੇ ਬੈਠ ਜਾਵੋ ਅਤੇ ਸਤਿਨਾਮ ਦਾ ਜਾਪ ਕਰੋ। ਪ੍ਰਭੂ ਕਿਰਪਾਲੂ ਹੈ, ਨਿਰਭੈ ਹੈ, ਨਿਰਵੈਰ ਹੈ। ਹੌਲੀ ਹੌਲੀ ਤੁਹਾਨੂੰ ਉਸ ਨਾਲ ਨੇੜਤਾ ਅਨੁਭਵ ਹੋਣ ਲੱਗੇਗੀ।"

ਇਹ ਉਪਦੇਸ਼ ਸੁਣ ਕੇ ਸਭਨਾਂ ਨੇ ਬੇਨਤੀ ਕੀਤੀ, "ਤੁਸੀਂ ਸਾਡੇ ਕੋਲ ਹੀ ਰਹੋ ਕਿਉਂਕਿ ਅਸੀਂ ਸਿਮਰਨ ਤੇ ਸੇਵਾ ਵਿੱਚ ਪਰਪੱਕ ਹੋਣਾ ਲੋਚਦੇ ਹਾਂ।" ਗੁਰੂ ਜੀ ਨੇ ਉੱਥੇ ਠਹਿਰ ਕੇ ਇਕ ਧਰਮਸਾਲ ਬਣਵਾਈ, ਹਰ ਰੋਜ਼ ਕੀਰਤਨ ਹੋਣ ਲੱਗਾ ਤਦ ਗੁਰੂ ਜੀ ਅਗਲੀ ਯਾਤਰਾ ਲਈ ਚੱਲ ਪਏ।



**ਗੁਰਦੁਆਰਾ ਸਾਹਿਬ ਜੀ, ਅਹਿਮਦਾਬਾਦ**

**ਵਡੋਧਰਾ (ਗੁਜਰਾਤ):-** ਗੁਰੂ ਜੀ ਸਾਥੀਆਂ ਸਮੇਤ 110 ਕਿ.ਮੀ. ਚੱਲ ਕੇ **ਹੱਥੀਜਨ, ਨੇਨਪੁਰ, ਨਾਦੀਆਦ, ਆਨੰਦ, ਆਨੰਦਗੜ** ਆਦਿ ਨਗਰਾਂ ਵਿੱਚ ਅਲਾਹੀ ਬਚਨ ਕਰਦਿਆਂ ਮੰਦਿਰਾਂ ਤੇ ਸ਼ਾਹੀ ਘਰਾਨਿਆਂ ਦਾ ਗੁਜਰਾਤ ਸਟੇਟ ਦੇ ਤਿੰਨ ਵੱਡੇ ਸ਼ਹਿਰਾਂ ਵਿੱਚੋਂ ਵਡੋਧਰਾ ਪਹੁੰਚ ਕੇ ਵੇਖਿਆ ਕਿ ਅਮੀਰ ਲੋਕ ਗਰੀਬਾਂ ਤੋਂ ਦਾਸਾਂ ਵਾਂਗ ਕੰਮ ਲੈ ਕੇ ਆਪ ਅਯਾਸ਼ੀ ਵਾਲਾ ਜੀਵਨ ਬਤੀਤ ਕਰਦੇ ਸਨ। ਉੱਥੋਂ ਦਾ ਇਕ ਸ਼ਾਹੂਕਾਰ ਭਾਰੀ ਵਿਆਜ ਤੇ ਕਰਜ਼ਾ ਦੀਆ ਕਰਦਾ ਸੀ। ਨਾ ਮੋੜਨ ਕਰਕੇ ਗਰੀਬਾ ਦੀ ਜਾਇਦਾਦ ਜਬਤ ਕਰ ਲੈਂਦਾ ਸੀ। ਪ੍ਰੰਤੂ ਉਹ ਅਪਣੇ ਆਪ ਨੂੰ ਧਰਮੀ ਹੋਣ ਦਾ ਵਿਖਾਵਾ ਕਰਦਾ ਸਾਧੂ ਸੰਤਾਂ ਦੀ ਰੱਜ ਕੇ ਸੇਵਾ ਕਰਦਾ ਸੀ।



੭ਵੀਂ ਸਦੀ ਈ. ਵਿੱਚ ਵੱਸੇ ਸ਼ਹਿਰ, ਵਡੋਧਰਾ ਦਾ ਪੁਰਾਣਾ ਨਾਮ ਮਨਕੋਟਕਾ ਸੀ

ਇਹ ਗਲ ਸੁਣ ਕੇ ਅਗਲੀ ਸਵੇਰ ਗੁਰੁਦੇਵ ਜੀ ਨੇ ਮਹਾਜਨ ਦੇ ਘਰ ਅੱਗੇ ਬੈਠ ਕੇ ਅਲਾਹੀ ਕੀਰਤਨ ਆਰੰਭ ਕਰ ਦਿੱਤਾ।

"ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ ॥ ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥
ਜਿਸਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ ॥੩॥" (ਸ੍ਰੀ ਗੁਰੂ ਗਰੰਥ ਸਾਹਿਬ ਜੀ, ਅੰਗ-੪੧੭)

ਗੁਰੂ ਜੀ ਨੇ ਸ਼ਬਦ ਦੀ ਵਿਆਖਿਆ ਕੀਤੀ, "ਜੇ ਕੋਈ ਮਨੁੱਖ ਪ੍ਰਮਾਤਮਾ ਦੀ ਖੁਸ਼ੀ ਹਾਸਲ ਕਰਨਾ ਚਾਹੁੰਦਾ ਹੈ ਤਾਂ ਉਹ ਗਰੀਬ ਲੋਕਾਂ ਦੀ ਬਗੈਰ ਕਿਸੇ ਲਾਲਚ ਤੋਂ ਸਹਾਇਤਾ ਕਰੇ। ਇਹ ਧਨ ਸੰਪਤੀ ਮਰਨ ਉਪ੍ਰੰਤ ਇੱਥੇ ਹੀ ਰਹਿ ਜਾਵੇਗੀ।"

ਇਹ ਸੁਣਕੇ ਮਹਾਜਨ ਕਹਿਣ ਲੱਗਾ, "ਗੁਰੂ ਜੀ ਮੈਂਨੂੰ ਮੁਆਫ ਕਰ ਦਿਉ। ਮੇਰੇ ਕੋਲ ਕਿਸਾਨਾਂ ਦੀਆਂ ਜਮੀਨਾਂ ਅਤੇ ਗਹਿਣੇ ਗਿਰਵੀ ਪਏ ਹੋਏ ਨੇ ਜਿੰਨਾ ਨੂੰ ਮੈਂ ਵਾਪਸ ਕਰ ਦੇਣਾ ਚਾਹੁੰਦਾ ਹਾਂ ਕਿਉਂਕਿ ਮੇਰਾ ਮਨ ਹਮੇਸ਼ਾ ਅਸ਼ਾਂਤ ਰਹਿੰਦਾ ਹੈ ਅਤੇ ਮੈਨੂੰ ਰਾਤ ਨੂੰ ਨੀਦ ਵੀ ਨਹੀਂ ਆਉਂਦੀ।"

ਗੁਰੂ ਜੀ ਦੀ ਮਿਹਰ ਸਦਕਾ ਉਸ ਨੇ ਧਨ ਅਤੇ ਹੋਰ ਸੰਪਤੀ ਸਭ ਨੂੰ ਵਾਪਸ ਕਰ ਦਿੱਤੀ। ਉੱਥੇ **ਧਰਮਸਾਲਾ ਬਣਵਾਈ** ਜਿਸ ਵਿੱਚ ਹਰਿਜੱਸ ਹੋਣ ਲੱਗਾ। ਉੱਥੋਂ ਦੇ ਸਾਰੇ ਲੋਗ ਗੁਰੂ ਜੀ ਦੇ ਸ਼ਰਧਾਲੂ ਬਣ ਕੇ **ਨਾਨਕ ਪੰਥੀ ਕਹਾਉਣ ਲੱਗੇ।** ਇਤਨੀਆਂ ਰਹਿਮਤਾਂ ਕਰਨ ਉਪ੍ਰੰਤ ਕਾਫੀ ਸਮਾਂ ਉੱਥੇ ਠਹਿਰ ਕੇ ਗੁਰੂ ਜੀ ਅੱਗੇ ਚੱਲ ਪਏ।




ਗੁਰਦੁਆਰਾ ਨਾਨਕ ਦਰਬਾਰ, ਵਡੋਧਰਾ

**ਸੂਰਤ ਬੰਦਰਗਾਹ (ਗੁਜਰਾਤ):-** ਗੁਰੂ ਜੀ ਸਾਥੀਆਂ ਸਮੇਤ 150 ਕਿ. ਮੀ. ਚੱਲ ਕੇ **ਕਰਜਨ, ਪਾਲੇਜ, ਭੜੂਚ, ਪਨੋਲੀ, ਕਿਮ, ਧੋਰਨ, ਕਾਮਰੇਜ** ਵਿੱਚ ਅਲਾਹੀ ਬਚਨ ਕਰਦਿਆਂ ਸੂਰਤ ਸ਼ਹਿਰ ਵਿੱਚ ਅਲਾਹੀ ਸੰਦੇਸ਼ ਦੇ ਕੇ ਸਰੋਵਰ ਦੇ ਕੰਢੇ ਜਾ ਡੇਰਾ ਲਾਇਆ। ਸੁਵੇਰ ਵੇਲੇ ਅਲਾਹੀ ਕੀਰਤਨ ਵਿੱਚ ਕਿਸਾਨਾਂ ਨੇ ਬੇਨਤੀ ਕੀਤੀ, "ਗੁਰੂ ਜੀ ਅਸੀਂ ਲੁਟੇ ਗਏ ਸਾਡਾ ਪਰਿਵਾਰ ਭੁੱਖਾ ਮਰ ਰਿਹਾ ਹੈ। ਕਿਉਂਕਿ ਇਸ ਸਾਲ ਬਰਸਾਤ ਘੱਟ ਹੋਣ ਕਰਕੇ ਫਸਲ ਘੱਟ ਹੋਈ ਹੈ। ਜੋ ਥੋੜਾ ਬਹੁਤ ਅਨਾਜ ਪੈਦਾ ਹੋਇਆ ਸੀ। ਜਿਮੀਂਦਾਰ ਦੇ ਕਰਮਚਾਰੀ ਜਬਰਦਸਤੀ ਸਾਡੇ ਕੋਲੋ ਖੋਹ ਕੇ ਲੈ ਗਏ ਹਨ।



ਗੋਪੀ ਨਾਮ ਦੇ ਬ੍ਰਾਹਮਣ ਨੇ ਗੋਪੀ ਸਰੋਵਰ ਬਣਾ ਲਿਆ ਜੋ ਪਿਛੋਂ 1516 ਈ. ਵਿੱਚ ਸੂਰਯਾਪੁਰ/ਸੂਰਤ ਨਾਮ ਪੈ ਗਿਆ

ਇਹ ਸੁਣਕੇ ਗੁਰੂ ਜੀ ਗੰਭੀਰ ਹੋ ਗਏ। ਕਿਸਾਨਾਂ ਦੇ ਛੋਟੇ ਬਚਿਆਂ ਨੂੰ, ਜਿਹੜੇ ਭੁੱਖ ਨਾਲ ਵਿਲਕ ਰਹੇ ਸਨ, ਨਾਲ ਲੈ ਕੇ ਤੁਰ ਪਏ ਅਤੇ ਸਾਰੇ ਕਿਸਾਨਾਂ ਨੂੰ ਆਪਣੇ ਪਿੱਛੇ-ਪਿੱਛੇ ਆਉਣ ਲਈ ਕਿਹਾ। ਜਿਮੀਂਦਾਰ ਦੀ ਹਵੇਲੀ ਦੇ ਬਾਹਰ ਜਾ ਕੇ ਭਾਈ ਮਰਦਾਨੇ ਨੂੰ ਰਬਾਬ ਛੇੜਨ ਲਈ ਕਿਹਾ ਅਤੇ ਆਪ ਇਹ ਅਲਾਹੀ ਬਾਣੀ ਉਚਾਰਨ ਲੱਗੇ:-

"ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥

ਨਾਨਕ ਨਾਉ ਖੁਦਾਇ ਕਾ ਦਿਲਿ ਹਛੈ ਮੁਖਿ ਲੇਹੁ ॥ਅਵਰਿ ਦਿਵਾਜੇ ਦੁਨੀ ਕੇ ਝੂਠੇ ਅਮਲ ਕਰੇਹੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੧੪੦)

ਜ਼ਿਮੀਦਾਰ ਤੇ ਉਸ ਦੀ ਪਤਨੀ ਨੂੰ ਅਲਾਹੀ ਕੀਰਤਨ ਸੁਣ ਕੇ ਗਿਆਨ ਹੋ ਗਿਆ ਕਿ ਉਹ ਸੱਚ ਮੁੱਚ ਹੀ ਗਰੀਬਾਂ ਦਾ ਖੂਨ ਚੂਸ ਰਹੇ ਹਨ। ਉਹ ਗੁਰੂ ਜੀ ਦੇ ਚਰਣੀ ਆਣ ਡਿੱਗੇ ਗਰੀਬ ਕਿਸਾਨਾਂ ਦਾ ਲੁੱਟਿਆ ਅਨਾਜ ਆਦਿ ਸਭ ਕੁਝ ਵਾਪਸ ਕਰਕੇ ਗੁਰੂਦੇਵ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਉਪ੍ਰੰਤ ਉੱਥੇ **ਧਰਮਸਾਲਾ ਬਣਵਾਈ** ਜਿਸ ਵਿੱਚ ਨਿਤਾ ਪ੍ਰਤੀ ਪ੍ਰਭੂ ਉਸਤੱਤ ਗਾਈ ਜਾਣ ਲੱਗੀ। ਰਹਿਮਤਾਂ ਦੀ ਬਖਸ਼ਿਸ਼ ਕਰਦੇ ਹੋਏ, ਗੁਰੂ ਜੀ ਅਗਲੇ ਪੜਾਅ ਲਈ ਤੁਰ ਪਏ।



ਗੁਰਦੁਆਰਾ ਸਾਹਿਬ, ਸੂਰਤ